13-APRIL-PAGE-1.qxd 4/12/2024 10:43 PM Page 1

ਸ਼ਨੀਵਾਰ, 13 ਅਪ੍ਰੈਲ, 2024
1 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 313

ਨਵਾਂ ਜ਼ਮਾਨਾ

DAILY NAWAN ZAMANA • SATURDAY, 13 APRIL, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅਮਰੀਕਾ ਨੂੰ ਇਜ਼ਰਾਈਲ 'ਤੇ ਈਰਾਨੀ ਹਮਲੇ ਦਾ ਡਰ

ਆਇਤਉੱਲ੍ਹਾ ਖਾਮੇਨੇਈ।

ਵਾਸ਼ਿੰਗਟਨ : ਅਮਰੀਕੀ ਅਖਬਾਰ 'ਵਾਲ ਸਟਰੀਟ ਜਰਨਲ' ਨੇ ਅਮਰੀਕੀ ਇੰਟੈਲੀਜੈਂਸ ਦੇ ਹਵਾਲੇ ਨਾਲ ਖਬਰ ਦਿੱਤੀ ਹੈ ਕਿ ਈਰਾਨ ਦੋ ਦਿਨਾਂ ਵਿਚ ਇਜ਼ਰਾਈਲ 'ਤੇ ਹਮਲਾ ਕਰ ਸਕਦਾ ਹੈ। ਅਖਬਾਰ ਮੁਤਾਬਕ ਹਮਲੇ ਬਾਰੇ ਯੋਜਨਾ 'ਤੇ ਈਰਾਨ ਦੇ ਸੁਪਰੀਮ ਲੀਡਰ ਆਇਤਉੱਲ੍ਹਾ ਖਾਮੇਨੇਈ ਦੀ ਮਨਜ਼ੂਰੀ ਦੀ ਉਡੀਕ ਹੈ। ਇਜ਼ਰਾਈਲ ਆਪਣੇ ਉੱਤਰ ਤੇ ਪੱਛਮੀ ਹਿੱਸਿਆਂ ਵਿਚ ਹਮਲੇ ਦਾ ਟਾਕਰਾ ਕਰਨ ਦੀ ਤਿਆਰੀ ਕਰ ਰਿਹਾ ਹੈ।

ਇਸੇ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਸਾਊਦੀ ਅਰਬ, ਚੀਨ, ਤੁਰਕੀ ਤੇ ਕਈ ਯੂਰਪੀਨ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨਾਲ ਫੋਨ ਕਰਕੇ ਈਰਾਨ ਨੂੰ ਹਮਲਾ ਨਾ ਕਰਨ ਲਈ ਮਨਾਉਣ ਲਈ ਕਿਹਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੈਥਿਊ ਮਿਲਨ ਨੇ ਕਿਹਾ ਕਿ ਵਿਵਾਦ ਵਧਾਉਣਾ ਕਿਸੇ ਦੇ ਵੀ ਹਿੱਤ ਵਿਚ ਨਹੀਂ ਹੋਵੇਗਾ।

ਅਮਰੀਕਾ ਵੀਰਵਾਰ ਇਜ਼ਰਾਈਲ ਵਿਚ ਕੰਮ ਕਰਨ ਵਾਲੇ ਆਪਣੇ ਨਾਗਰਿਕਾਂ ਤੇ ਖਾਸਕਰ ਡਿਪਲੋਮੈਟਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦੇ ਚੁੱਕਾ ਹੈ। ਹਮਲੇ ਦੇ ਖਤਰੇ ਦੇ ਮੱਦੇਨਜ਼ਰ ਅਮਰੀਕਾ ਦੀ ਸੈਂਟਰਲ ਕਮਾਂਡ ਦੇ ਜਨਰਲ ਮਾਈਕਲ ਕੁਰੀਲਾ ਵੀਰਵਾਰ ਇਜ਼ਰਾਈਲ ਪਹੁੰਚੇ ਅਤੇ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਤੇ ਉੱਚ ਰੱਖਿਆ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ।

ਇਜ਼ਰਾਈਲ ਨੇ ਪਹਿਲੀ ਅਪ੍ਰੈਲ ਨੂੰ ਸੀਰੀਆ ਵਿਚ ਈਰਾਨੀ ਦੂਤਘਰ 'ਤੇ ਹਵਾਈ ਹਮਲਾ ਕੀਤਾ ਸੀ, ਜਿਸ ਵਿਚ ਈਰਾਨ ਦੇ ਦੋ ਆਰਮੀ ਕਮਾਂਡਰਾਂ ਸਣੇ 13 ਲੋਕ ਮਾਰੇ ਗਏ ਸਨ। ਇਸ ਦੇ ਬਾਅਦ ਈਰਾਨ ਨੇ ਬਦਲਾ ਲੈਣ ਦੀ ਗੱਲ ਕਹੀ ਸੀ। ਇਸ ਦੇ ਬਾਅਦ ਵ੍ਹਾਈਟ ਹਾਊਸ ਦੀ ਪ੍ਰੈੱਸ ਸੈਕਟਰੀ ਕੈਰੀਨ ਜੀਨ-ਪਿਅਰੇ ਨੇ ਕਿਹਾ ਸੀ ਕਿ ਅਮਰੀਕਾ ਨੇ ਈਰਾਨ ਨਾਲ ਸੰਪਰਕ ਕਰਕੇ ਦੱਸਿਆ ਸੀ ਕਿ ਇਸ ਹਮਲੇ ਵਿਚ ਅਮਰੀਕਾ ਦਾ ਕੋਈ ਹੱਥ ਨਹੀਂ ਤੇ ਉਹ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਨਾ ਕਰੇ। ਆਇਤਉੱਲ੍ਹਾ ਖਾਮੇਨੇਈ ਨੇ ਲੰਘੇ ਬੁੱਧਵਾਰ ਕਿਹਾ ਸੀ ਕਿ ਇਜ਼ਰਾਈਲ ਨੂੰ ਹਮਲੇ ਦੀ ਸਜ਼ਾ ਜ਼ਰੂਰ ਮਿਲੇਗੀ। ਸੀਰੀਆ ਵਿਚ ਉਨ੍ਹਾ ਦੇ ਦੂਤਘਰ 'ਤੇ ਹਮਲਾ ਈਰਾਨ ਦੀ ਧਰਤੀ 'ਤੇ ਹਮਲਾ ਕਰਨ ਵਰਗਾ ਹੈ।

ਇਜ਼ਰਾਈਲ ਨੇ ਕੁਝ ਦਿਨ ਪਹਿਲਾਂ ਆਪਣਾ ਜੀ ਪੀ ਐੱਸ ਨੈਵੀਗੇਸ਼ਨ ਸਿਸਟਮ ਬੰਦ ਕਰ ਦਿੱਤਾ ਸੀ। ਅਜਿਹਾ ਗਾਈਡਿਡ ਮਿਜ਼ਾਈਲਾਂ ਦਾ ਹਮਲਾ ਰੋਕਣ ਲਈ ਕੀਤਾ ਜਾਂਦਾ ਹੈ। ਉਸ ਨੇ ਸਾਰੇ ਫੌਜੀਆਂ ਦੀਆਂ ਛੁੱਟੀਆਂ ਵੀ ਰੱਦ ਕਰ ਦਿੱਤੀਆਂ ਹਨ। ਏਅਰ ਡਿਫੈਂਸ ਕਮਾਂਡ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਕਈ ਸ਼ਹਿਰਾਂ ਵਿਚ ਐਂਟੀ ਬੰਬ ਸ਼ੈਲਟਰ ਬਣਾਏ ਜਾ ਰਹੇ ਹਨ।

ਈਰਾਨ ਤੇ ਇਜ਼ਰਾਈਲ ਵਿਚਾਲੇ ਦੁਸ਼ਮਣੀ ਜੱਗ-ਜ਼ਾਹਰ ਹੈ, ਹਾਲਾਂਕਿ ਦੋਨੋਂ ਸਿੱਧੇ ਨਹੀਂ ਟਕਰਾਏ । ਜੇ ਸਿੱਧੀ ਲੜਾਈ ਹੁੰਦੀ ਹੈ ਤਾਂ ਪੂਰੇ ਮੱਧ-ਪੂਰਬ ਵਿਚ ਜੰਗ ਫੈਲਣ ਦਾ ਖਤਰਾ ਹੈ, ਜਿਸ ਦੇ ਨਤੀਜੇ ਭਿਆਨਕ ਨਿਕਲਣਗੇ।

ਭਾਰਤੀਆਂ ਨੂੰ ਇਜ਼ਰਾਈਲ ਤੇ ਈਰਾਨ ਜਾਣੋ ਰੋਕਿਆ

ਨਵੀਂ ਦਿੱਲੀ : ਭਾਰਤ ਸਰਕਾਰ ਨੇ ਸ਼ੁੱਕਰਵਾਰ ਭਾਰਤੀਆਂ ਨੂੰ ਸਲਾਹ ਦਿੱਤੀ ਕਿ ਉਹ ਇਜ਼ਰਾਈਲ ਤੇ ਈਰਾਨ ਜਾਣ ਦਾ ਪ੍ਰੋਗਰਾਮ ਨਾ ਬਣਾਉਣ।

ਵਿਦੇਸ਼ ਮੰਤਰਾਲੇ ਨੇ ਸਾਰੇ ਭਾਰਤੀਆਂ ਨੂੰ ਕਿਹਾ ਹੈ ਕਿ ਉਹ ਅਗਲੇ ਨੋਟਿਸ ਤੱਕ ਈਰਾਨ ਜਾਂ ਇਜ਼ਰਾਈਲ ਨਾ ਜਾਣ। ਜਿਹੜੇ ਭਾਰਤੀ ਇਨ੍ਹਾਂ ਦੇਸ਼ਾਂ ਵਿਚ ਰਹਿ ਰਹੇ ਹਨ, ਉਹ ਭਾਰਤੀ ਦੂਤਘਰਾਂ ਦੇ ਸੰਪਰਕ ਵਿਚ ਰਹਿਣ ਅਤੇ ਖੁਦ ਨੂੰ ਰਜਿਸਟਰ ਕਰਾਉਣ। ਉਹ ਇਧਰ-ਉਧਰ ਘੱਟ ਜਾਣ। ਇਸ ਤੋਂ ਪਹਿਲਾਂ ਫਰਾਂਸ ਵੀ ਆਪਣੇ ਨਾਗਰਿਕਾਂ ਨੂੰ ਅਜਿਹੀ ਸਲਾਹ ਦੇ ਚੁੱਕਾ ਹੈ।

ਕਾਰ ਦਰੱਖਤ ਨਾਲ ਟਕਰਾਈ, 4 ਮੌਤਾਂ

ਮੁਕਤਸਰ : ਬਠਿੰਡਾ ਰੋਡ 'ਤੇ ਪਿੰਡ ਬੁੱਟਰ ਸਰੀਂਹ ਨੇੜੇ ਸ਼ੁੱਕਰਵਾਰ ਸਵੇਰੇ ਆਲਟੋ ਕਾਰ ਸੜਕ ਕੰਢੇ ਦਰੱਖਤ ਨਾਲ ਟਕਰਾਉਣ ਕਾਰਨ ਪਰਵਾਰ ਦੇ ਤਿੰਨ ਜੀਆਂ ਸਣੇ 4 ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਗੁਰਪ੍ਰੀਤ ਸਿੰਘ ਗੋਪੀ, ਉਸ ਦੇ ਪਿਤਾ ਦਰਸ਼ਨ ਸਿੰਘ ਢਿੱਲੋਂ ਤੇ ਮਾਤਾ ਜਸਵਿੰਦਰ ਕੌਰ (ਤਿੰਨੋਂ ਮੁਕਤਸਰ ਸ਼ਹਿਰ) ਅਤੇ ਦੋਸਤ ਜਸਕਰਨ ਸਿੰਘ ਲੰਬੀ ਢਾਬ ਵਜੋਂ ਹੋਈ ਹੈ। ਉਹ ਬਠਿੰਡਾ ਜ਼ਿਲ੍ਹੇ ਦੀ ਰਾਮਾ ਮੰਡੀ ਤੋਂ ਵਾਪਸ ਆ ਰਹੇ ਸਨ, ਜਦੋਂ ਕਾਰ ਦਾ ਡਰਾਈਵਰ ਸੰਤੁਲਨ ਗੁਆ ਬੈਠਾ। ਜਸਕਰਨ ਦੀ ਪਤਨੀ ਗੰਭੀਰ ਜ਼ਖਮੀ ਹੈ। ਉਸ ਨੂੰ ਮੁਕਤਸਰ ਸ਼ਹਿਰ ਦੇ ਨਿੱਜੀ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ।

ਯੂਕਰੇਨ ਦਾ ਸਭ ਤੋਂ ਵੱਡਾ ਊਰਜਾ ਪਲਾਂਟ ਤਬਾਹ

ਕੀਵ : ਰੂਸੀ ਮਿਜ਼ਾਈਲ ਅਤੇ ਡਰੋਨ ਹਮਲੇ ਵਿਚ ਯੂਕਰੇਨ ਦਾ ਸਭ ਤੋਂ ਵੱਡਾ ਊਰਜਾ ਪਲਾਂਟ ਤਬਾਹ ਹੋ ਗਿਆ। ਊਰਜਾ ਤਰਾਈਪਿਲਸਕਾ, ਕੀਵ, ਚਰਕਾਸੀ ਅਤੇ ਜਾਇਤੋਮਿਰ ਖੇਤਰਾਂ ਨੂੰ ਬਿਜਲੀ ਸਪਲਾਈ ਕਰਨ ਵਾਲੇ ਪਲਾਂਟ 'ਤੇ ਕਈ ਵਾਰ ਹਮਲਾ ਕੀਤਾ, ਜਿਸ ਨਾਲ ਟ੍ਰਾਂਸਫਾਰਮਰ ਅਤੇ ਜਨਰੇਟਰ ਤਬਾਹ ਹੋ ਗਏ ਅਤੇ ਪਲਾਂਟ ਨੂੰ ਅੱਗ ਲੱਗ ਗਈ।

ਮਾਨ-ਕੇਜਰੀਵਾਲ ਮੁਲਾਕਾਤ 15 ਨੂੰ

ਨਵੀਂ ਦਿੱਲੀ : ਮੁੱਖ ਮੰਤਰੀ ਭਗਵੰਤ ਮਾਨ ਤਿਹਾੜ ਜੇਲ੍ਹ ਵਿਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 15 ਅਪ੍ਰੈਲ ਨੂੰ 12 ਵਜੇ ਮਿਲਣਗੇ। ਇਹ ਸਮਾਂ ਪੰਜਾਬ ਦੇ ਵੱਡੇ ਪੁਲਸ ਅਫਸਰਾਂ ਦੀ ਸ਼ੁੱਕਰਵਾਰ ਜੇਲ੍ਹ ਪ੍ਰਸ਼ਾਸਨ ਨਾਲ ਮੀਟਿੰਗ ਵਿਚ ਤੈਅ ਹੋਇਆ।

ਪੰਜਾਬ ਦੀ ਸਿਆਸਤ 'ਚ ਅਨਾਰਕੀ ਵਰਗਾ ਮਾਹੌਲ : ਬੰਤ ਬਰਾੜ

ਜਲੰਧਰ (ਗਿਆਨ ਸੈਦਪੁਰੀ)

ਦੇਸ਼ ਵਿੱਚ ਲੋਕ ਸਭਾ ਚੋਣਾਂ ਉਸ ਵਕਤ ਹੋਣ ਜਾ ਰਹੀਆਂ ਹਨ, ਜਦੋਂ ਇੱਥੇ ਕਈ ਕਿਸਮ ਦੇ ਸੰਕਟ ਦਰਪੇਸ਼ ਸਨ। ਇਸ ਲਈ ਇਹਨਾਂ ਚੋਣਾਂ ਦਾ ਮਹੱਤਵ ਹੋਰ ਅਹਿਮ ਹੋ ਗਿਆ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕੀਤਾ। ਉਹ ਸੀ ਪੀ ਆਈ ਜ਼ਿਲ੍ਹਾ ਜਲੰਧਰ ਦੀ ਕਾਰਜਕਾਰਨੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਦੇਸ਼ ਵਿੱਚ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਉਣ, ਇੱਕ ਵਿਸ਼ੇਸ ਫਿਰਕੇ ਨੂੰ ਬਦਨਾਮ ਕਰਨ ਅਤੇ ਇੱਥੋਂ ਦੀ ਦੌਲਤ ਅਡਾਨੀਆਂ, ਅੰਬਾਨੀਆਂ ਨੂੰ ਸੌਂਪਣ ਦੀਆਂ ਨੀਤੀਆਂ ਦਾ ਅਸਰ ਉਲਟ ਪੈਂਦਾ ਦੇਖ ਕੇ ਮੋਦੀ ਅਤੇ ਉਸ ਦੀ ਸਰਕਾਰ ਡਰੀ ਹੋਈ ਹੈ। ਇਸੇ ਡਰ ਵਿੱਚੋਂ ਲੋਕ ਸਭਾ ਦੀਆਂ 400 ਸੀਟਾਂ ਜਿੱਤ ਲੈਣ ਦੇ ਦਾਅਵਿਆਂ ਰਾਹੀਂ ਭਰਮ ਜਾਲ ਵਿਛਾ ਕੇ ਆਪਣੇ ਆਪ ਨੂੰ ਆਪੇ

● ਬਾਕੀ ਸਫ਼ਾ 2 'ਤੇ

ਗੋਰੀਆ ਤੇ ਵੈਂਕਈਆ ਕੌਮਾਂਤਰੀ ਯੂਨੀਅਨ ਦੇ ਐਗਜ਼ੈਕਟਿਵ ਮੈਂਬਰ ਚੁਣੇ ਗਏ

ਸੈਨੇਗਲ ਵਿੱਚ ਹੋ ਰਹੀ ਅੰਤਰਰਾਸ਼ਟਰੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਗੁਲਜ਼ਾਰ ਸਿੰਘ ਗੋਰੀਆ

ਸ਼ਾਹਕੋਟ (ਗਿਆਨ ਸੈਦਪੁਰੀ)

ਟਰੇਡ ਯੂਨੀਅਨਜ਼ ਆਫ ਵਰਕਰਜ਼ ਇਨ ਐਗਰੀਕਲਚਰ, ਫੂਡ, ਕਾਮਰਸ ਐਂਡ ਅਲਾਈਡ ਇੰਡਸਟਰੀਜ਼ (ਵਿਸਟਾਕ) ਵੱਲੋਂ ਦੱਖਣੀ ਅਫਰੀਕੀ ਮਹਾਂਦੀਪ ਦੇ ਦੇਸ਼ ਸੈਨੇਗਲ ਦੇ ਸ਼ਹਿਰ ਸਾਲੀ ਵਿਖੇ ਇਸ ਦੀ ਪੰਜਵੀ ਕੌਮਾਂਤਰੀ ਕਾਨਫਰੰਸ ਵਿੱਚ ਭਾਰਤੀ ਮਜ਼ਦੂਰਾਂ ਦੀ ਤਰਜਮਾਨੀ ਕਰਨ ਲਈ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਉੱਥੇ ਪਹੁੰਚੇ ਹੋਏ ਹਨ। ਇਸੇ ਤਰ੍ਹਾਂ ਭਾਰਤੀ ਕਿਸਾਨਾਂ ਦੇ ਨੁਮਾਇੰਦੇ ਵਜੋਂ ਆਰ ਵੈਂਕਈਆ ਵੀ ਕਾਨਫਰੰਸ ਦਾ ਹਿੱਸਾ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗੋਰੀਆ ਅਤੇ ਵੈਂਕਈਆ ਨੂੰ ਸੰਸਾਰ ਪੱਧਰੀ ਯੂਨੀਅਨ ਦੀ ਕਾਰਜਕਾਰਨੀ ਦੇ ਮੈਂਬਰ ਚੁਣਿਆ ਗਿਆ ਹੈ। 8 ਅਪ੍ਰੈਲ ਤੋਂ 14 ਅਪ੍ਰੈਲ ਤੱਕ ਚੱਲਣ ਵਾਲੀ ਇਸ ਕੌਮਾਂਤਰੀ ਕਾਨਫਰੰਸ ਵਿੱਚ 86 ਦੇਸ਼ਾਂ ਦੀਆਂ 125 ਜਥੇਬੰਦੀਆਂ ਦੇ ਨੁਮਾਇੰਦੇ ਹਿੱਸਾ ਲੈ ਰਹੇ ਹਨ।ਕੌਮਾਂਤਰੀ ਕਾਨਫਰੰਸ ਵਿੱਚ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਆਪਣੇ ਸੰਬੋਧਨ ਵਿੱਚ ਭਾਰਤੀ ਖੇਤ ਮਜ਼ਦੂਰਾਂ ਦਾ ਖੇਤੀ ਉਤਪਾਦਨ ਵਿੱਚ ਯੋਗਦਾਨ ਅਤੇ ਉਨ੍ਹਾਂ ਦੇ ਹਾਲਾਤ ਦਾ ਵਰਣਨ ਕੀਤਾ।

ਉਮਰ ਬਾਰਾਮੂਲਾ ਤੋਂ ਉਮੀਦਵਾਰ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਬਾਰਾਮੂਲਾ ਲੋਕ ਸਭਾ ਹਲਕੇ ਤੋਂ ਚੋਣ ਲੜਨਗੇ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਦੱਸਿਆ ਕਿ ਉਮਰ ਅਬਦੁੱਲਾ ਉੱਤਰੀ ਕਸ਼ਮੀਰ ਦੇ ਬਾਰਾਮੂਲਾ ਅਤੇ ਸ਼ੀਆ ਨੇਤਾ ਆਗਾ ਸਈਅਦ ਰੁਹੁੱਲਾ ਮੇਹਦੀ ਕੇਂਦਰੀ ਕਸ਼ਮੀਰ ਦੇ ਸ੍ਰੀਨਗਰ ਹਲਕੇ ਤੋਂ ਚੋਣ ਲੜਨਗੇ। ਬਾਰਾਮੂਲਾ 'ਚ 20 ਮਈ ਨੂੰ ਵੋਟਾਂ ਪੈਣਗੀਆਂ।

ਕੈਫ਼ੇ ਧਮਾਕਾ, ਦੋ ਗ੍ਰਿਫ਼ਤਾਰ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਬੇਂਗਲੁਰੂ ਦੇ ਰਾਮੇਸ਼ਵਰਮ ਕੈਫੇ ਧਮਾਕੇ ਦੇ ਮਾਸਟਰਮਾਈਂਡ ਸਮੇਤ ਦੋ ਮੁਲਜ਼ਮਾਂ ਨੂੰ ਸ਼ੁੱਕਰਵਾਰ ਸਵੇਰੇ ਗ੍ਰਿਫ਼ਤਾਰ ਕਰ ਲਿਆ। ਅਧਿਕਾਰੀਆਂ ਮੁਤਾਬਕ ਮੁਸੱਵੀਰ ਹੁਸੈਨ ਸ਼ਾਜ਼ਿਬ ਅਤੇ ਅਦਬੁਲ ਮਤੀਨ ਅਹਿਮਦ ਤਾਹਾ ਨੂੰ ਕੋਲਕਾਤਾ ਨੇੜੇ ਉਨ੍ਹਾਂ ਦੇ ਲੁਕਣ ਵਾਲੇ ਟਿਕਾਣੇ ਤੋਂ ਗ੍ਰਿਫ਼ਤਾਰ ਕੀਤਾ ਗਿਆ। ਸ਼ਾਜ਼ਿਬ ਉਹ ਵਿਅਕਤੀ ਹੈ, ਜਿਸ ਨੇ ਕੈਫੇ 'ਚ ਆਈ ਈ ਡੀ ਰੱਖਿਆ ਸੀ ਅਤੇ ਤਾਹਾ ਧਮਾਕੇ ਦੀ ਸਾਜ਼ਿਸ਼ ਰਚਣ ਤੇ ਇਸ ਨੂੰ ਅੰਜਾਮ ਦੇਣ ਵਾਲਾ ਹੈ। ਦੋਵਾਂ ਦੀ ਗ੍ਰਿਫ਼ਤਾਰੀ ਲਈ ਸੂਚਨਾ ਦੇਣ ਵਾਲੇ ਨੂੰ 10-10 ਲੱਖ ਰੁਪਏ ਦੇ ਇਨਾਮ ਦਾ ਐਲਾਨ ਰੱਖਿਆ ਹੋਇਆ ਸੀ।

ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਲਾਉਣ ਦੀ ਸਾਜ਼ਿਸ਼ : ਆਤਿਸ਼ੀ

ਨਵੀਂ ਦਿੱਲੀ : ਦਿੱਲੀ ਦੀ ਕੈਬਨਿਟ ਮੰਤਰੀ ਆਤਿਸ਼ੀ ਨੇ ਸ਼ੁੱਕਰਵਾਰ ਦੋਸ਼ ਲਾਇਆ ਕਿ ਕੇਂਦਰ 'ਚ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਕੌਮੀ ਰਾਜਧਾਨੀ 'ਚ ਰਾਸ਼ਟਰਪਤੀ ਸ਼ਾਸਨ ਲਾਉਣ ਦੀ ਵੱਡੀ ਸਿਆਸੀ ਸਾਜ਼ਿਸ਼ ਰਚ ਰਹੀ ਹੈ। ਆਤਿਸ਼ੀ ਨੇ ਪ੍ਰੈੱਸ ਕਾਨਫਰੰਸ 'ਚ ਦਾਅਵਾ ਕੀਤਾ ਕਿ ਪਿਛਲੇ ਕੁਝ ਮਹੀਨਿਆਂ 'ਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ, ਜੋ ਇਸ ਖਦਸ਼ੇ ਵੱਲ ਇਸ਼ਾਰਾ ਕਰਦੀਆਂ ਹਨ। ਉਨ੍ਹਾ ਕਿਹਾ-ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਉਨ੍ਹਾ ਦੀ ਸਰਕਾਰ ਨੂੰ ਡੇਗਣ ਦੀ ਸਿਆਸੀ ਸਾਜ਼ਿਸ਼ ਹੈ। ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਆਉਣ ਵਾਲੇ ਦਿਨਾਂ 'ਚ ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਲਗਾਇਆ ਜਾਵੇਗਾ ਪਰ ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਲਗਾਉਣਾ ਗੈਰ-ਕਾਨੂੰਨੀ ਹੋਵੇਗਾ। ਇਸੇ ਦੌਰਾਨ ਪੰਜਾਬ 'ਆਪ' ਦੇ ਬੁਲਾਰੇ ਬਿਕਰਮਜੀਤ ਪਾਸੀ ਨੇ ਚੰਡੀਗੜ੍ਹ 'ਚ ਕਿਹਾ ਕਿ ਅੱਜ ਭਾਰਤ ਵਿੱਚ ਲੋਕਤੰਤਰ ਲਈ ਸਭ ਤੋਂ ਵੱਡਾ ਖਤਰਾ ਭਾਜਪਾ ਹੈ। ਲੋਕਾਂ ਵੱਲੋਂ ਚੁਣੀ ਸਰਕਾਰ ਨੂੰ ਡੇਗਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ, ਦਿੱਲੀ ਅਤੇ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਉਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।ਉਨ੍ਹਾ ਕਿਹਾ ਕਿ ਲੋਕਾਂ ਨੇ ਦਿੱਲੀ ਦੀ ਸਰਕਾਰ ਨੂੰ 5 ਸਾਲਾਂ ਲਈ ਚੁਣਿਆ ਹੈ। ਇਹ ਦਿੱਲੀ ਦੇ ਲੋਕਾਂ ਦੇ ਬਹੁਮਤ ਦਾ ਫ਼ਤਵਾ ਸੀ, ਪਰ ਭਾਜਪਾ ਸਾਡੇ ਲੋਕਤੰਤਰ ਦਾ ਕਤਲ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀ। ਉਹ ਅਜਿਹੀ ਸਰਕਾਰ ਨੂੰ ਹਟਾਉਣਾ ਚਾਹੁੰਦੇ ਹਨ, ਜੋ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੋਵੇ ਅਤੇ ਆਮ ਲੋਕਾਂ ਨੂੰ ਸਹੂਲਤਾਂ ਦੇ ਰਹੀ ਹੋਵੇ।ਇਸੇ ਤਰ੍ਹਾਂ ਪੰਜਾਬ ਵਿੱਚ 'ਆਪ' ਸਰਕਾਰ ਨੂੰ ਭਾਜਪਾ ਦੇ ਰਾਜਪਾਲ ਵੱਲੋਂ ਲਗਾਤਾਰ ਤੰਗ-ਪ੍ਰੇਸ਼ਾਨ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ।

ਅਸਾਮ ਤੇ ਪੰਜਾਬ ਦੇ ਲੋਕਾਂ 'ਚ ਸਮਾਨਤਾ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੁੱਕਰਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰਾਂ ਦੇ ਸਮਰਥਨ ਵਿੱਚ

13-APRIL-PAGE-1.qxd 4/12/2024 10:44 PM Page 2

ਰੌਇਲ ਕਾਲਜ ਦੀ ਵਰਕਸ਼ਾਪ 'ਚ ਪਾਲ ਸਮਾਉਂ ਨੇ ਪੰਜਾਬੀ ਵਿਰਸਾ ਬਚਾਉਣ ਲਈ ਵਿਦਿਆਰਥੀਆਂ ਨੂੰ ਕੀਤਾ ਉਤਸ਼ਾਹਤ

ਭੀਖੀ (ਧਰਮਵੀਰ ਸ਼ਰਮਾ)-ਦਿ ਰੌਇਲ ਗਰੁੱਪ ਆਫ਼ ਕਾਲਜ ਬੰਝਾਵਾਲ ਵਿਖੇ ਚੱਲ ਰਹੀ ਸਕਿੱਲ ਡਿਵੈਲਪਮੈਂਟ, ਸ਼ਖ਼ਸੀਅਤ ਉਸਾਰੀ ਤੇ ਲੋਕ ਕਲਾਵਾਂ ਆਦਿ ਨਾਲ ਸਬੰਧਤ ਵਰਕਸ਼ਾਪ ਦੇ ਦੂਜੇ ਦਿਨ ਅੰਤਰਰਾਸ਼ਟਰੀ ਗਿੱਧਾ ਕੋਚ ਪਾਲ ਸਿੰਘ ਸਮਾਉਂ ਨੇ ਸ਼ਿਰਕਤ ਕੀਤੀ।ਇਸ ਮੌਕੇ ਉਨ੍ਹਾ ਵਿਦਿਆਰਥੀਆਂ ਨੂੰ ਆਪਣੇ ਸੰਘਰਸ਼ ਦੇ ਦਿਨਾਂ ਤੋਂ ਜਾਣੂ ਕਰਵਾਇਆ ਤੇ ਨਾਲ ਹੀ ਉਨ੍ਹਾਂ ਨੂੰ ਆਪਣੇ ਨਿੱਜੀ ਜੀਵਨ ਦੀਆਂ ਉਦਾਹਰਨਾਂ ਦੇ ਕੇ ਲੋਕ ਸੇਵਾ ਲਈ ਵੀ ਪ੍ਰੇਰਿਆ।ਉਨ੍ਹਾ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਦਿਆਂ, ਵਿਦਿਆਰਥੀਆਂ ਨੂੰ ਸਾਡੇ ਲੋਕ-ਨਾਚਾਂ ਤੇ ਗੀਤਾਂ ਨੂੰ ਬਚਾਈ ਰੱਖਣ ਲਈ ਉਤਸ਼ਾਹਤ ਕਰਦਿਆਂ, ਗਿੱਧੇ ਦੀਆਂ ਵੱਖ-ਵੱਖ ਵੰਨਗੀਆਂ ਤੋਂ ਜਾਣੂ ਕਰਵਾਇਆ।ਉਨ੍ਹਾ ਗਿੱਧੇ ਵਿੱਚ ਪੇਸ਼ ਕੀਤੇ ਜਾਂਦੇ ਤਮਾਸ਼ਿਆਂ ਬਾਰੇ ਗੱਲ ਕਰਦਿਆਂ ਉਦਾਹਰਨਾਂ ਸਹਿਤ ਸਟੇਜ 'ਤੇ ਆਪਣੀ ਪੇਸ਼ਕਾਰੀ ਵਿਖਾਈ।ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦਿਆਂ ਧੰਨਵਾਦ ਕੀਤਾ।ਡੀਨ ਅਕਾਦਮਿਕ ਡਾ. ਕੁਲਵਿੰਦਰ ਸਿੰਘ ਸਰਾਂ ਨੇ ਮੰਚ ਸੰਚਾਲਨ ਕੀਤਾ।ਪ੍ਰੋ. ਸੁਰਜਨ ਸਿੰਘ ਨੇ ਸਭ ਦਾ ਧੰਨਵਾਦ ਕੀਤਾ।ਚੇਅਰਮੈਨ ਏਕਮਜੀਤ ਸਿੰਘ ਸੋਹਲ ਨੇ ਵਿਦਿਆਰਥੀਆਂ ਨੂੰ ਲੋਕ-ਕਲਾਵਾਂ ਤੇ ਹੁਨਰਾਂ ਨਾਲ ਜੋੜੇ ਰੱਖਣ ਦੇ ਇਸ ਉਪਰਾਲੇ ਦੀ ਖ਼ੂਬ ਸ਼ਲਾਘਾ ਕਰਦਿਆਂ ਪ੍ਰਬੰਧਕੀ ਟੀਮ ਨੂੰ ਵਧਾਈ ਦਿੱਤੀ।ਇਸ ਮੌਕੇ ਬਲਵਿੰਦਰ ਸਿੰਘ ਧਾਲੀਵਾਲ ਤੇ ਸਾਹਿਬ ਕੌਰ ਤੋਂ ਇਲਾਵਾ ਹੋਰ ਹਾਜ਼ਰ ਸਨ।

ਮਾਤਾ ਨੈਣਾ ਦੇਵੀ ਦੇ ਦਰਸ਼ਨਾਂ ਲਈ ਜਥਾ ਪੈਦਲ ਰਵਾਨਾ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਹਰੇਕ ਸਾਲ ਮਾਤਾ ਨੈਣਾ ਦੇਵੀ ਦੇ ਦਰਸ਼ਨਾਂ ਲਈ ਸ੍ਰੀ ਦੁਰਗਾ ਸ਼ਕਤੀ ਮੰਦਿਰ ਕਮੇਟੀ ਵੱਲੋਂ ਮਾਛੀਵਾੜਾ ਤੋਂ ਪੈਦਲ ਜਾਂਦਾ ਜਥਾ ਤੜਕੇ 2 ਵਜੇ ਮੰਦਿਰ ਤੋਂ ਮਾਤਾ ਦੇ ਜੈਕਾਰਿਆਂ ਦੀ ਗੂੰਜ ਨਾਲ ਰਵਾਨਾ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯਾਤਰਾ ਇੰਚਾਰਜ ਸ਼ਿਵਚਰਨ ਸ਼ਰਮਾ ਤੇ ਅਸ਼ੋਕ ਲੀਹਲ ਨੇ ਦੱਸਿਆ ਕਿ ਪੈਦਲ ਯਾਤਰਾ ਵਿੱਚ ਪੁਰਸ਼ਾਂ ਤੋਂ ਇਲਾਵਾ ਔਰਤਾਂ ਤੇ ਬੱਚਿਆਂ ਸਮੇਤ 1500 ਤੋਂ ਵੀ ਵੱਧ ਸ਼ਰਧਾਲੂ ਇੱਕ ਵੱਡੇ ਜੱਥੇ ਦੇ ਰੂਪ ਵਿੱਚ ਨੈਣਾ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਹੋਏ। ਪੈਦਲ ਯਾਤਰਾ ਨੂੰ ਰਵਾਨਾ ਕਰਨ ਮੌਕੇ ਪ੍ਰਿੰ. ਡੀ ਡੀ ਵਰਮਾ, ਪ੍ਰਧਾਨ ਨੰਦ ਕਿਸ਼ੋਰ, ਰਜਿੰਦਰ ਵਰਮਾ, ਹੈਪੀ ਕਾਲੜਾ, ਜੱਗੀ ਮਿੱਤਲ, ਸੋਨੂੰ ਸੇਠੀ, ਪੀ ਏ ਰਾਜੇਸ਼ ਬਿੱਟੂ, ਬਾਵਾ ਵਰਮਾ, ਮਨੋਜ ਗਰਗ, ਆਸ਼ੂ ਸ਼ਰਮਾ, ਵਿਜੈ ਚੌਧਰੀ, ਨਿੱਕੂ ਕਪੂਰ, ਸੁਖਵਿੰਦਰ ਮਾਨ, ਉਮੇਸ਼ ਸੂਈ, ਰਿੰਕੂ ਨਾਗਪਾਲ, ਵਨੀਤ ਮਲਿਕ, ਜਸਦੇਵ ਸਿੰਘ ਟਾਂਡਾ ਮੌਜੂਦ ਸਨ।

ਸੇਵਾ ਭਾਰਤੀ ਵੱਲੋਂ ਕੁਸ਼ਟ ਆਸ਼ਰਮ ਵਿਖੇ ਮੁਫਤ ਕੈਂਪ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਚਾਵਲਾ, ਪਰਮਜੀਤ ਸਿੰਘ)-ਸ਼ਹਿਰ ਦੇ ਮੌੜ ਰੋਡ ਸਥਿਤ ਕੁਸ਼ਟ ਆਸ਼ਰਮ ਵਿਖੇ ਸੇਵਾ ਭਾਰਤੀ ਵੱਲੋਂ ਕੁਸ਼ਠ ਰੋਗੀਆਂ ਲਈ ਮੁਫਤ ਜਾਂਚ ਕੈਂਪ ਲਾਇਆ ਗਿਆ, ਜਿਸ 'ਚ ਡਾਕਟਰਾਂ ਦੀ ਟੀਮ ਵੱਲੋਂ ਕੁਸ਼ਠ ਰੋਗੀਆਂ ਦੀ ਜਾਂਚ ਕੀਤੀ ਗਈ ਤੇ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਸੈਂਟਰਲ ਬੈਂਕ ਆਫ ਇੰਡੀਆ ਦੇ ਮੈਨੇਜਰ ਅਸ਼ੋਕ ਪ੍ਰਸਾਦ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਸੇਵਾ ਭਾਰਤੀ ਵੱਲੋਂ ਕੀਤੇ ਜਾ ਰਹੇ ਸਮਾਜਸੇਵਾ ਦੇ ਕੰਮਾਂ ਦੀ ਸ਼ਲਾਘਾ ਕੀਤੀ।ਨਰਿੰਦਰ ਗੁਪਤਾ ਵੱਲੋਂ ਆਈ ਹੋਈ ਮੈਡੀਕਲ ਟੀਮ ਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸੇਵਾ ਭਾਰਤੀ ਦੇ ਪ੍ਰਦੇਸ਼ ਸਕੱਤਰ ਧਰੁਵ, ਮੁਕਤਸਰ ਜ਼ਿਲ੍ਹਾ ਸਰਪ੍ਰਸਤ ਬੀਰਬਾਲਾ ਸੱਦੀ, ਪ੍ਰਧਾਨ ਡਾ. ਵਰੁਣ ਬਜਾਜ, ਜਨਰਲ ਸੈਕਟਰੀ ਸਤੀਸ਼ ਕਾਂਸਲ, ਕੈਸ਼ੀਅਰ ਅਭੈ ਅਗਰਵਾਲ, ਪੂਰਨ, ਹੇਮੰਤ ਧਵਨ, ਰਾਜੇਸ਼ ਅਰੋੜਾ, ਪ੍ਰਿੰਸ, ਰਾਜਿੰਦਰ, ਹੀਰਾ ਲਾਲ, ਗੁਰਨਾਮ ਸਿੰਘ ਸਮੇਤ ਹੋਰ ਲੋਕ ਮੌਜੂਦ ਸਨ।

ਟੈਗੋਰ ਗਲੋਬਲ ਸਕੂਲ ਨੇ ਵਿਸਾਖੀ ਧੂਮਧਾਮ ਨਾਲ ਮਨਾਈ

ਸਮਰਾਲਾ (ਸੁਰਜੀਤ ਸਿੰਘ)-ਵਿਸਾਖੀ ਆਸ, ਸਕਾਰਾਤਮਕਤਾ ਤੇ ਖੁਸ਼ੀ ਦਾ ਮੌਸਮ ਹੈ।ਵਿਸਾਖੀ ਦੇ ਪਵਿੱਤਰ ਮੌਕੇ ਉੱਪਰ ਟੈਗੋਰ ਗਲੋਬਲ ਸਕੂਲ ਸੀ. ਸੈ. ਸਮਰਾਲਾ ਵਿਖੇ ਪੰਜਾਬੀ ਸੱਭਿਆਚਾਰ 'ਤੇ ਅਧਾਰਤ ਸਮਾਗਮ ਡਾਇਰੈਕਟਰ ਸ੍ਰੀ ਬਾਲ ਕ੍ਰਿਸ਼ਨ ਅਨੇਜਾ ਤੇ ਸ੍ਰੀਮਤੀ ਸਵਾਤੀ ਅਨੇਜਾ ਦੀ ਸਰਪ੍ਰਸਤੀ ਅਧੀਨ ਹੋਇਆ।ਸਮਾਗਮ ਦੀ ਸ਼ੁਰੂਆਤ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿਸਾਖੀ ਸੰਬੰਧੀ ਪੰਜਾਬੀ ਤੇ ਅੰਗਰੇਜ਼ੀ ਵਿੱਚ ਭਾਸ਼ਣ ਦਿੱਤਾ ਗਿਆ, ਜਿਸ ਵਿੱਚ ਪੰਜਾਬ ਦੀ ਧਾਰਮਿਕ, ਇਤਿਹਾਸਕ ਤੇ ਸਮਾਜਿਕ ਮਹੱਤਤਾ ਸੰਬੰਧੀ ਦੱਸਿਆ ਗਿਆ।ਇਸ ਸਮਾਗਮ ਵਿੱਚ ਵਿਦਿਆਰਥੀਆਂ ਨੇ ਸ਼ਬਦ ਗਾਇਨ, ਲੋਕ-ਗੀਤ ਤੇ ਗਿੱਧੇ-ਭੰਗੜੇ ਦੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਆਪਣੇ ਸੰਬੋਧਨੀ ਭਾਸ਼ਣ ਵਿੱਚ ਪ੍ਰਿੰ. ਮਨੋਜ ਕੁਮਾਰ ਨੇ ਕਿਹਾ ਕਿ ਮਾਨਵਤਾ ਦੀ ਰੱਖਿਆ ਤੇ ਅੱਤਿਆਚਾਰ ਦਾ ਨਾਸ਼ ਕਰਨ ਲਈ ਇਸੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ।ਵਿਸਾਖੀ ਦਾ ਦਿਨ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਦਿਨ ਵੀ ਹੈ, ਕਿਉਂਕਿ ਇਸੇ ਦਿਨ 1919 'ਚ ਜਲ੍ਹਿਆਂਵਾਲਾ ਬਾਗ ਵਿੱਚ ਜਨਰਲ ਡਾਇਰ ਨੇ ਨਿਰਦੋਸ਼ ਭਾਰਤੀਆਂ 'ਤੇ ਗੋਲੀਆਂ ਚਲਾ ਕੇ ਹਜ਼ਾਰਾਂ ਲੋਕਾਂ ਨੂੰ ਸ਼ਹੀਦ ਕਰ ਦਿੱਤਾ ਸੀ।ਦੇਸ਼ ਦੇ ਅੰਨਦਾਤਾ ਕਿਸਾਨ ਇਸੇ ਦਿਨ ਆਪਣੇ ਖੇਤਾਂ 'ਚ ਖੜੀ ਕਣਕ ਦੀ ਸੁਨਹਿਰੀ ਫਸਲ ਦੀ ਕਟਾਈ ਸ਼ੁਰੂ ਕਰਦੇ ਹਨ ਤੇ ਭੰਗੜਾ ਪਾ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦੇ ਹਨ।ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਆਪਣੇ ਹੱਕਾਂ ਤੇ ਨੈਤਿਕ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਹੋ ਕੇ ਸਮਾਜ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਸੰਦੇਸ਼ ਦਿੱਤਾ।

ਕੇਂਦਰ 'ਚ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ : ਰਣਦੀਪ ਸਿੰਘ

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਕਾ ਰਣਦੀਪ ਸਿੰਘ ਨਾਭਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਪਿੰਡ ਸਲਾਣਾ ਵਿਖੇ ਨੇੜਲੇ ਪਿੰਡਾਂ ਦੇ ਕਾਂਗਰਸੀ ਵਰਕਰਾਂ ਨਾਲ ਮੀਟਿੰਗ ਕਰਕੇ ਲੋਕ ਸਭਾ ਚੋਣਾਂ ਲਈ ਲਾਮਬੰਦ ਕੀਤਾ ਗਿਆ ਅਤੇ ਵਰਕਰਾਂ ਨਾਲ ਵਿਚਾਰ ਚਰਚਾ ਕਰਦਿਆਂ ਚੋਣ ਪ੍ਰਚਾਰ ਸੰਬੰਧੀ ਵਿਉਂਤਬੰਦੀ ਬਣਾਈ ਗਈ ।

ਇਸ ਮੌਕੇ ਜਗਵੀਰ ਸਿੰਘ ਸਲਾਣਾ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਗਰੇਵਾਲ, ਹਰਨੈਲ ਸਿੰਘ ਰਾਮਗੜ੍ਹ, ਸੁਖ ਦਾਨ ਸਿੰਘ ਘਟੀਂਡ, ਰਾਮ ਸਿੰਘ ਘਟੀਂਡ, ਨੰਬਰਦਾਰ ਅਮਰੀਕ ਸਿੰਘ, ਨਛੱਤਰ ਸਿੰਘ ਸਲਾਣਾ, ਦਰਸ਼ਨ ਸਿੰਘ ਜੱਗਾ, ਭਲਵਾਨ ਹਰਦੀਪ ਸਿੰਘ, ਪ੍ਰਧਾਨ ਹਰਪ੍ਰੀਤ ਸਿੰਘ, ਵਿਕਰਮਜੀਤ ਕੁਮਾਰ, ਨਿਰਮਲਜੀਤ ਸਿੰਘ, ਰਛਪਾਲ ਸਿੰਘ, ਜਤਿੰਦਰ ਸਿੰਘ ਔਲੱਖ, ਚੰਦ ਸਿੰਘ, ਗੁਰਬਚਨ ਸਿੰਘ ਘੁਟੀਂਡ, ਗੁਰਮੀਤ ਸਿੰਘ ਕਲਾਲ ਮਾਜਰਾ ਪਰਮਜੀਤ ਸਿੰਘ ਰਾਮਗੜ੍ਹ ਅਵਤਾਰ ਸਿੰਘ ਰਾਮਗੜ੍ਹ, ਰਾਮ ਸਿੰਘ ਕਾਲਾ, ਨਿਰਮਲ ਸਿੰਘ ਰਾਜੇਵਾਲ, ਪਾਖਰ ਸਿੰਘ ਘੁਟੀਂਡ ਕੁਲਜੀਤ ਸਿੰਘ ਸੁਸ਼ੀਲ ਕੁਮਾਰ, ਰੁਪਿੰਦਰ ਸਿੰਘ ਅਜੀਜ ਰਾਮਗੜ੍ਹ, ਸੁਖਵੀਰ ਸਿੰਘ ਸੁੱਖਾ, ਸੁੱਖ ਰਾਏਪੁਰ, ਪ੍ਰਭਜੀਤ ਸਿੰਘ ਬੈਣਾ, ਪੀ ਏ ਮਨਪ੍ਰੀਤ ਸਿੰਘ ਮਿੰਟਾ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਮੌਜੂਦ ਸਨ।

ਬਾਵਾ ਸ਼ਾਂਤੀ ਨਾਥ ਦੀ ਬਰਸੀ ਭਲਕੇ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੁਰੂ ਨਾਨਕ ਮੁਹੱਲਾ ਵਿਖੇ ਸਥਿਤ ਵਿਸ਼ਵਕਰਮਾ ਮੰਦਰ ਵਿਖੇ ਬਾਵਾ ਸ਼ਾਂਤੀ ਨਾਥ ਜੀ ਦੀ ਸਾਲਾਨਾ ਬਰਸੀ 14 ਅਪ੍ਰੈਲ ਨੂੰ ਮਨਾਈ ਜਾ ਰਹੀ ਹੈ। ਪ੍ਰਬੰਧਕਾਂ ਅਨੁਸਾਰ ਬਾਵਾ ਜੀ ਦੀ ਇਸ 38ਵੀਂ ਬਰਸੀ ਦੌਰਾਨ ਮੰਦਰ 'ਚ ਰਮਾਇਣ ਪਾਠ ਦੇ ਭੋਗ ਉਪਰੰਤ ਹਵਨ ਯੱਗ ਕਰਵਾਇਆ ਜਾਵੇਗਾ। ਇਸ ਮੌਕੇ ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਇਆ ਜਾਵੇਗਾ।

ਅਕਾਲੀ ਦਲ ਸੁਤੰਤਰ ਵੱਲੋਂ ਗੈਂਗਰੇਪ ਦੀ ਘਟਨਾ ਨੂੰ ਲੈ ਕੇ ਕਾਲਜ ਅੱਗੇ ਧਰਨਾ

ਸਕਿਉਰਟੀ 'ਚ ਲਾਪ੍ਰਵਾਹੀ ਵਰਤਣ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ : ਸਹੌਲੀ

ਨਾਭਾ (ਵਰਿੰਦਰ ਵਰਮਾ)

ਪਿਛਲੇ ਦਿਨੀਂ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਵਾਪਰੀ ਦਰਦਨਾਕ ਘਟਨਾ ਨੂੰ ਲੈ ਕੇ ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਦੀ ਅਗਵਾਈ ਹੇਠ ਰਿਪੁਦਮਨ ਕਾਲਜ ਦੇ ਬਾਹਰ ਰੋਸ ਧਰਨਾ ਲਗਾਇਆ ਗਿਆ।ਇਸ ਮੌਕੇ ਐੱਸ ਡੀ ਐੱਮ ਨਾਭਾ ਦੇ ਨਾਮ ਥਾਣਾ ਕੋਤਵਾਲੀ ਮੁਖੀ ਗੁਰਪ੍ਰੀਤ ਸਿੰਘ ਸਮਰਾਓਂ ਨੂੰ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਮੰਗ ਕੀਤੀ ਕਿ ਇੱਕ ਧੀ ਦੇ ਨਾਲ ਬਲਾਤਕਾਰ ਦੀ ਵਾਪਰੀ ਘਟਨਾ ਦੇ ਸਬੰਧ ਵਿੱਚ ਕਾਲਜ ਦੇ ਪ੍ਰਿੰਸੀਪਲ ਸਮੂਹ ਸਟਾਫ ਸਕਿਉਰਟੀ ਗਾਰਡ ਤੇ ਹੋਰ ਜਿੰਨੇ ਵੀ ਲੋਕ ਕਾਲਜ ਦਾ ਪ੍ਰਬੰਧ ਦੇਖਦੇ ਹਨ, ਉਨ੍ਹਾਂ ਤੋਂ ਇਹ ਸਪੱਸ਼ਟ ਜਾਂਚ ਕਰਕੇ ਪੁੱਛਿਆ ਜਾਵੇ ਕਿ ਦਰਦਨਾਕ ਘਟਨਾ ਕਿਉਂ ਵਾਪਰੀ, ਉਸ 'ਤੇ ਕਾਲਜ ਦੇ ਪ੍ਰਬੰਧਕਾਂ ਨੇ ਕਿਸ ਕਿਸ ਮੁਲਾਜ਼ਮ 'ਤੇ ਕਾਰਵਾਈ ਕੀਤੀ ਤੇ ਪ੍ਰਸ਼ਾਸਨ ਤੇ ਥਾਣੇ ਵਾਲਿਆਂ ਦੇ ਧਿਆਨ ਵਿੱਚ ਸਕਿਉਰਟੀ ਪੱਧਰ 'ਤੇ ਜੋ ਕਦੇ ਚਿੱਠੀ ਪੱਤਰ ਕੱਢੀ ਹੋਵੇ ਤਾਂ ਉਹ ਵੀ ਦੇਖੀ ਜਾਵੇ। ਇਸ ਦੇ ਨਾਲ ਕਾਲਜ ਦੀ ਤੇ ਨਾਭੇ ਦੇ ਜ਼ਿੰਮੇਵਾਰ ਲੋਕਾਂ ਦੀ ਤੇ ਹਰ ਨਾਗਰਿਕ ਦਾ ਦੁਨੀਆ ਦੇ ਕੋਨੇ ਕੋਨੇ 'ਚ ਸਿਰ ਸ਼ਰਮ ਨਾਲ ਨੀਵਾਂ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਮੰਦਰ ਵਿੱਦਿਆ ਦਾ ਹੈ ਨਾ ਕਿ ਅਜਿਹੀਆਂ ਘਟੀਆ ਕਰਤੂਤਾਂ ਲਈ ਹੈ।ਇਸ ਲਈ ਅਕਾਲੀ ਦਲ ਸੁਤੰਤਰ ਤੁਹਾਡੇ ਤੋਂ ਆਸ ਰੱਖਦਾ ਕਿ ਕੋਈ ਵੀ ਅਫਸਰ, ਛੋਟਾ ਮੁਲਾਜ਼ਮ ਤੇ ਪ੍ਰੋਫੈਸਰ ਇਸ ਵਿੱਚ ਸ਼ਾਮਲ ਹੈ, ਉਨ੍ਹਾਂ ਉੱਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਕਿ ਇਹੋ ਜਿਹੀਆਂ ਘਟੀਆਂ ਹਰਕਤਾਂ ਤੋਂ ਆਪਣੇ ਬੱਚਿਆਂ ਨੂੰ ਬਚਾ ਕੇ ਇਸ ਨੂੰ ਵਿੱਦਿਆ ਦਾ ਮੰਦਰ ਹੀ ਰਹਿਣ ਦਿੱਤਾ ਜਾਵੇ।

ਇਸ ਸਬੰਧੀ ਜਦੋਂ ਐੱਸ ਐੱਚ ਓ ਨਾਭਾ ਕੋਤਵਾਲੀ ਗੁਰਪ੍ਰੀਤ ਸਿੰਘ ਸਮਰਾਓ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਅਸੀਂ ਸ਼ਿਕਾਇਤ ਦਰਜ ਹੋਣ ਤੋਂ 24 ਘੰਟਿਆਂ ਦੇ ਅੰਦਰ ਅੰਦਰ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਸੀ, ਜਿਨ੍ਹਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਨਾ ਉਪਰੰਤ ਜੁਡੀਸ਼ਲ ਰਿਮਾਂਡ ਤੇ ਭੇਜ ਦਿੱਤਾ ਗਿਆ ਹੈ ਤੇ ਤੀਸਰੇ ਦੋਸ਼ੀ ਨੂੰ ਵੀ ਅਸੀਂ ਕੱਲ੍ਹ ਗ੍ਰਿਫਤਾਰ ਕਰ ਲਿਆ ਹੈ, ਜਿਸ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਤਫਤੀਸ਼ ਦੌਰਾਨ ਜੋ ਸਾਹਮਣੇ ਆਵੇਗਾ, ਬਣਦੀ ਕਾਰਵਾਈ ਕੀਤੀ ਜਾਵੇਗੀ।

ਜਦੋਂ ਇਸ ਮਾਮਲੇ ਸੰਬੰਧੀ ਐੱਸ ਡੀ ਐੱਮ ਨਾਭਾ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਅਕਾਲੀ ਦਲ ਸੁਤੰਤਰ ਵੱਲੋਂ ਦਿੱਤੇ ਗਏ ਮੰਗ ਪੱਤਰ ਦੀ ਕਾਪੀ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਭੇਜੀ ਜਾਵੇਗੀ ਤੇ ਜਾਂਚ ਹੋਣ ਤੋਂ ਬਾਅਦ ਜੋ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਸ਼ੰਭੂ ਮੋਰਚੇ 'ਤੇ ਲੱਗੀ ਅੱਗ ਦੌਰਾਨ 6 ਤੰਬੂ ਤੇ ਟਰੈਕਟਰ-ਟਰਾਲੀ ਸੜੇ

ਮੋਗਾ (ਇਕਬਾਲ ਸਿੰਘ ਖਹਿਰਾ)-ਐੱਮ ਐੱਸ ਪੀ ਤੇ ਕਿਸਾਨੀ ਹੱਕੀ ਮੰਗਾਂ ਨੂੰ ਲੈ ਕੇ ਸ਼ੰਭੂ ਮੋਰਚੇ 'ਤੇ ਚੱਲ ਰਹੇ ਮੋਰਚੇ 'ਤੇ ਸ਼ਾਰਟ ਸਰਕਟ ਕਾਰਨ ਲੱਗੀ ਅੱਗ ਨਾਲ 6 ਤੰਬੂ ਅਤੇ ਇੱਕ ਟਰੈਕਟਰ ਤੇ ਇੱਕ ਟਰਾਲੀ ਸੜ ਗਈ। ਜਾਣਕਾਰੀ ਦਿੰਦੇ ਹੋਏ ਬਲਦੇਵ ਸਿੰਘ ਜ਼ੀਰਾ ਸੂਬਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਬਲਵੰਤ ਸਿੰਘ ਬਹਿਰਾਮਕੇ ਪ੍ਰਧਾਨ ਬੀ.ਕੇ.ਯੂ. ਬਹਿਰਾਮਕੇ, ਮਲਕੀਤ ਸਿੰਘ ਕਿਸਾਨ ਮਜ਼ਦੂਰ ਮੋਰਚਾ ਪੰਜਾਬ, ਜੰਗ ਸਿੰਘ ਭਟੇੜੀ ਪ੍ਰਧਾਨ ਬੀਕੇਯੂ ਭਟੇੜੀ ਨੇ ਦੱਸਿਆ ਕਿ ਤਕਰੀਬਨ ਪੌਣੇ 3 ਵਜੇ ਸ਼ਾਰਟ ਸਰਕਟ ਨਾਲ ਅੱਗ ਲੱਗ ਗਈ, ਜਿਸ ਵਿੱਚ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨਾਲ ਸੰਬੰਧਤ ਪਿੰਡ ਗੁਰੂਸਰ, ਹਾਕਮਵਾਲਾ, ਭਗਤਾ ਭਾਈਕਾ, ਬਦਿਆਲਾ, ਮੰਡੀ ਕਲਾ (ਬਠਿੰਡਾ) ਦੇ ਪਿੰਡਾਂ ਦੇ ਤੰਬੂ ਸੜ ਕੇ ਸਵਾਹ ਹੋ ਗਏ। ਇਸ ਤੋਂ ਇਲਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦਾ ਇੱਕ ਤੰਬ

13-April-PAGE-3.qxd 4/12/2024 10:54 PM Page 1

ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਮੋਟਰਸਾਈਕਲਾਂ 'ਤੇ ਰੋਸ ਰੈਲੀ ਕੱਢੀ

ਕਲਾਨੌਰ, (ਮਨਦੀਪ ਕੋਹਲੀ)-ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਮੋਟਰਸਾਈਕਲਾਂ ਤੇ ਰੈਲੀ ਕੱਢ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਹਲਕਾ ਇੰਚਾਰਜ਼ ਗੁਰਦੀਪ ਸਿੰਘ ਰੰਧਾਵਾ ਅਤੇ ਮਨਜੋਤ ਸਿੰਘ ਰੰਧਾਵਾ ਦੀ ਰਹਿਨੁਮਾਈ ਹੇਠ ਮੋਟਰਸਾਈਕਲ ਰੈਲੀ ਕੱਢੀ ਗਈ।

ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਬਲਾਕ ਪ੍ਰਧਾਨਾਂ ਅਤੇ ਸਮੁੱਚੇ ਵਲੰਟੀਅਰਾਂ ਵੱਲੋਂ ਸੈਂਕੜੇ ਮੋਟਰਸਾਈਕਲਾਂ ਤੇ ਡੇਰਾ ਬਾਬਾ ਨਾਨਕ ਤੋਂ ਸ਼ੁਰੂ ਹੋ ਕੇ ਕੌਮੀ ਮਾਰਗ 354 ਕਲਾਨੌਰ ਟੀ ਪੁਆਇੰਟ ਹੁੰਦੇ ਹੋਏ ਰਹੀਮਾਬਾਦ, ਅਦਾਲਤਪੁਰ, ਦੇਹੜ ਫੱਤੂਪੁਰ, ਅਠਵਾਲ ਕੋਟਲੀ ਆਦਿ ਪਿੰਡਾਂ ਵਿੱਚ ਮੋਟਰਸਾਈਕਲ ਰੈਲੀ ਕੱਢੀ ਗਈ। ਮੋਟਰਸਾਈਕਲ ਰੋਸ ਰੈਲੀ ਵਿੱਚ ਬਲਾਕ ਕਲਾਨੌਰ ਅਤੇ ਡੇਰਾ ਬਾਬਾ ਨਾਨਕ ਦੇ ਬਲਾਕ ਪ੍ਰਧਾਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਲੰਟੀਅਰ ਸੈਂਕੜੇ ਮੋਟਰਸਾਈਕਲਾਂ ਸਮੇਤ ਇਸ ਰੈਲੀ ਵਿੱਚ ਸ਼ਾਮਿਲ ਹੋਏ।ਇਸ ਮੌਕੇ ਆਮ ਆਦਮੀ ਪਾਰਟੀ ਦੇ ਯੂਥ ਆਗੂਆਂ ਅਤੇ ਬਲਾਕ ਪ੍ਰਧਾਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਈਡੀ ਰਾਹੀਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਕੀਤੀ ਗਈ ਹੈ।ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੋਕਪ੍ਰਿਅਤਾ ਵਧੀ ਹੈ ਅਤੇ ਪੰਜਾਬ ਤੋਂ ਇਲਾਵਾ ਬਾਹਰੀ ਰਾਜਾਂ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹਨ।ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਜਤਿੰਦਰ ਸਿੰਘ ਡੇਹਰੀਵਾਲ ਕਿਰਨ. ਬਲਾਕ ਪ੍ਰਧਾਨ ਬਲਰਾਜ ਸਿੰਘ ਗੁਰਾਇਆ ਕਲਾਨੌਰ, ਸੁਬੇਗ ਸਿੰਘ ਜੀਓ ਜ਼ੁਲਾਈ. ਸੁਰਜੀਤ ਸਿੰਘ ਬਿਸ਼ਨਕੋਟ. ਅਜੀਤ ਸਿੰਘ ਕਾਮਲਪੁਰ,.ਰਜਿੰਦਰ ਸਿੰਘ ਸਰਪੰਚ ਲੱਖਣ ਕਲਾਂ, ਗੁਰਦੀਪ ਸਿੰਘ ਬੋਹੜ ਵਡਾਲਾ, ਲਖਵਿੰਦਰ ਸਿੰਘ ਮੱਲ੍ਹੀ ਸੋਸ਼ਲ ਮੀਡੀਆ ਬਲਾਕ ਪ੍ਰਧਾਨ ਜੀਓ ਜ਼ੁਲਾਈ, ਜਸਬੀਰ ਸਿੰਘ ਵਡਾਲਾ ਵਾਂਗਰ, ਪਲਵਿੰਦਰ ਸਿੰਘ ਮੱਲ੍ਹੀ ਕਲਾਨੌਰ, ਮੰਗਲ ਸਿੰਘ ਸ਼ਹੂਰ, ਨਿਰਮਲ ਸਿੰਘ ਦੋਸਤਪੁਰ, ਹੀਰਾ ਸਿੰਘ ਮੰਝ, ਦਿਲਰਾਜ ਸਿੰਘ ਅਲਾਵਲਪੁਰ, ਯੂਥ ਪ੍ਰਧਾਨ ਮਨਜੋਤ ਸਿੰਘ ਰੁਡਿਆਣਾ, ਜਗਦੇਵ ਸਿੰਘ ਸਾਹਲੇ ਚੱਕ, ਕਵਲਜੀਤ ਗੁਰਾਇਆ, ਇੰਦਰਜੀਤ ਭਾਰਲ, ਚੰਚਲ ਕੁਮਾਰ ਅਤੇ ਰਜਿੰਦਰ ਸਿੰਘ ਸਪਰਾਏ ਕੋਠੀ ਆਦਿ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਸੰਗਤਾਂ ਲਈ ਖਾਲਸਾਈ ਝੰਡਿਆਂ ਦਾ ਕਰੇਗੀ ਪ੍ਰਬੰਧ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਪੰਜ ਸਿੰਘ ਸਾਹਿਬਾਨ ਵੱਲੋਂ ਖਾਲਸਾ ਸਾਜਨਾ ਦਿਵਸ ਦੇ 325ਵੇਂ ਦਿਹਾੜੇ ਮੌਕੇ 13 ਅਪ੍ਰੈਲ 2024 ਨੂੰ ਸਿੱਖ ਕੌਮ ਨੂੰ ਖਾਲਸਾਈ ਨਿਸ਼ਾਨ ਝੁਲਾਉਣ ਦੇ ਆਦੇਸ਼ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਵਾਲੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਤੋਂ ਸੰਗਤ ਨੂੰ ਖਾਲਸਾਈ ਝੰਡੇ ਮੁਹੱਈਆ ਕਰਨ ਦਾ ਫੈਸਲਾ ਕੀਤਾ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਸਾਹਿਬਾਨ ਅੰਦਰ ਖਾਲਸਾਈ ਝੰਡਿਆਂ ਦਾ ਪ੍ਰਬੰਧ ਕਰਨ ਲਈ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹਰ ਗੁਰਦੁਆਰਾ ਸਾਹਿਬਾਨ ਤੋਂ ਸੰਗਤਾਂ ਲੋੜ ਅਨੁਸਾਰ ਖਾਲਸਾਈ ਝੰਡੇ ਪ੍ਰਾਪਤ ਕਰ ਸਕਦੀਆਂ ਹਨ।

ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੀ ਬਲਾਕ ਝਬਾਲ ਦੀ ਮਹੀਨਾਵਾਰ ਮੀਟਿੰਗ

ਝਬਾਲ (ਹਰਜਿੰਦਰ ਸਿੰਘ ਸੋਨੀ)-ਅੱਜ ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ-ਰਜਿ-100 ਦੀ ਝਬਾਲ ਬਲਾਕ ਦੀ ਮਾਸਿਕ ਮੀਟਿੰਗ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਠੱਠਾ ਦੇ ਦੀਵਾਨ ਹਾਲ ਵਿੱਚ ਹੋਈ।ਮੀਟਿੰਗ ਵਿੱਚ ਬਲਾਕ ਝਬਾਲ ਦੇ ਲਗਭਗ 40 ਡਾਕਟਰ ਹਾਜ਼ਰ ਹੋਏ। ਮੀਟਿੰਗ ਦੀ ਪ੍ਰਧਾਨਗੀ ਬਲਾਕ ਪ੍ਰਧਾਨ ਡਾਕਟਰ ਮੱਸਾ ਸਿੰਘ ਰੰਧਾਵਾ ਨੇ ਕੀਤੀ। ਸਟੇਜ ਸੈਕਟਰੀ ਡਾਕਟਰ ਗੁਰਦੇਵ ਸਿੰਘ ਸੋਹਲ ਅਤੇ ਡਾਕਟਰ ਮੱਸਾ ਸਿੰਘ ਨੇ ਹਾਜ਼ਰ ਹੋਏ ਸਾਰੇ ਸਾਥੀਆਂ ਨੂੰ ਜੀ ਆਇਆਂ ਕਿਹਾ ਅਤੇ ਭਰਵੇਂ ਇਕੱਠ ਅਤੇ ਇਕਜੁੱਟਤਾ ਨੂੰ ਵੇਖ ਕੇ ਪ੍ਰਸੰਸਾ ਕੀਤੀ।ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਗੁਰਪ੍ਰੀਤ ਸਿੰਘ ਫਤਿਹਪੁਰ, ਡਾਕਟਰ ਨਿਰਮਲ ਸਿੰਘ ਸਹੋਤਰਾ ਅਤੇ ਡਾਕਟਰ ਬਲਜਿੰਦਰ ਸਿੰਘ ਚੀਚਾ ਨੇ ਆਪਣੇ ਭਾਸ਼ਣਾਂ ਵਿੱਚ ਹਮਖਿਆਲੀ ਪ੍ਰਗਟਾਉਂਦੇ ਹੋਏ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਸੂਬੇ ਦੇ ਆਗੂਆਂ ਦੇ ਦਿਸ਼ਾ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਮੀਟਿੰਗ ਵਿੱਚ ਹਾਜ਼ਰੀ ਲਵਾਈ ਹੈ ਅਤੇ ਰਹਿੰਦੇ ਫੀਸਾਂ ਫੰਡਾਂ ਦਾ ਭੁਗਤਾਨ ਵੀ ਕੀਤਾ ਹੈ।ਮੀਟਿੰਗ ਵਿੱਚ ਉਪ੍ਰੋਕਤ ਤੋਂ ਇਲਾਵਾ ਡਾ. ਗੋਰਾ ਅਚਿੰਤਕੋਟ, ਡਾ. ਮਲਕੀਤ ਚਾਹਲ, ਡਾ. ਅਮਰੀਕ ਸਿੰਘ, ਡਾ. ਡਾਇਮੰਡ ਹੀਰਾ, ਡਾ, ਗੁਰਜੀਤ ਸਿੰਘ, ਡਾ. ਲਖਬੀਰ ਸਿੰਘ, ਡਾ. ਸੁਖਦੇਵ ਸਿੰਘ, ਡਾ. ਹੀਰਾ ਲਾਲ, ਡਾ. ਬਲਜੀਤ ਸਿੰਘ, ਡਾ. ਦਲਬੀਰ ਸਿੰਘ ਅਟਾਰੀ, ਡਾ. ਰਮਿੰਦਰ ਸਿੰਘ, ਡਾ. ਕਸ਼ਮੀਰ ਸਿੰਘ, ਡਾ. ਸਤਨਾਮ ਸਿੰਘ ਪੰਡੋਰੀ, ਡਾ. ਸੁਰਜੀਤ ਗਾਂਧੀ, ਡਾ. ਜਸਪਾਲ ਸਿੰਘ, ਡਾ. ਵਰਿੰਦਰ ਸਿੰਘ, ਡਾ. ਜੋਬਨ ਸਿੰਘ, ਡਾ. ਦਵਿੰਦਰ ਅਟਾਰੀ, ਡਾ. ਕਰਨਵੀਰ ਅਤੇ ਹੋਰ ਸਾਥੀ ਹਾਜ਼ਰ ਸਨ।

ਸੁਖਬੀਰ ਬਾਦਲ ਨੇ ਪੰਜਾਬ ਦੇ ਹੱਕ 'ਚ ਸਟੈਂਡ ਲਿਆ : ਅਨਿਲ ਜੋਸ਼ੀ

ਅਜਨਾਲਾ (ਸੁਖਤੰਦਰ ਸਿੰਘ ਰਾਜੂ)-ਅੰਮ੍ਰਿਤਸਰ ਤੋਂ ਅਕਾਲੀ ਦਲ ਦੇ ਸੰਭਾਵਿਤ ਉਮੀਦਵਾਰ ਅਨਿਲ ਜੋਸ਼ੀ ਅਜਨਾਲਾ ਪਹੁੰਚੇ। ਉਨ੍ਹਾਂ ਦੇ ਨਾਲ ਹਲਕਾ ਅਜਨਾਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਜੋਧ ਸਿੰਘ ਸਮਰਾ ਵੀ ਮੌਜੂਦ ਰਹੇ। ਇਸ ਸਬੰਧੀ ਗੱਲਬਾਤ ਕਰਦਿਆਂ ਲੋਕ ਸਭਾ ਉਮੀਦਵਾਰ ਅਨਿਲ ਜੋਸ਼ੀ ਨੇ ਕਿਹਾ ਕਿ ਅੱਜ ਹਲਕਾ ਅਜਨਾਲਾ ਦੇ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋ ਕੇ ਇਲੈਕਸ਼ਨ ਦਾ ਆਗਾਜ਼ ਕੀਤਾ ਹੈ। ਅਨਿਲ ਜੋਸ਼ੀ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੇ ਹੱਕ 'ਚ ਸਟੈਂਡ ਲਿਆ ਗਿਆ ਅਤੇ ਸੁਖਬੀਰ ਸਿੰਘ ਬਾਦਲ ਵੱਲੋਂ ਭਾਜਪਾ ਦੀ ਲੀਡਰਸ਼ਿਪ ਨੂੰ ਸਿੱਧਾ ਕਿਹਾ ਗਿਆ ਸੀ ਕਿ ਜੇਕਰ ਤੁਸੀਂ ਸਮਝੌਤਾ ਕਰਨਾ ਚਾਹੁੰਦੇ ਹੋ ਤਾਂ ਪਹਿਲਾਂ ਪੰਜਾਬ ਦੇ ਮੁੱਦਿਆਂ ਨੂੰ ਹੱਲ ਹੱਲ ਕਰੋ, ਫਿਰ ਸਮਝੌਤਾ ਕਰਾਂਗੇ। ਜੋਸ਼ੀ ਨੇ ਅੱਗੇ ਕਿਹਾ ਕਿ ਕਿਸਾਨ ਦਿੱਲੀ ਦੇ ਬਾਰਡਰ 'ਤੇ ਰੁਲਦੇ ਪਏ ਹਨ, ਪਹਿਲਾਂ ਵੀ ਬਾਰਡਰ ਉੱਤੇ ਕਿਸਾਨ ਰੋਲੇ ਸਨ ਪਰ ਕਿਸਾਨਾਂ ਦੀ ਕੋਈ ਸੁਣਵਾਈ ਨਹੀਂ ਹੋਈ। ਅਨਿਲ ਜੋਸ਼ੀ ਨੇ ਅੱਗੇ ਕਿਹਾ ਕਿ ਭਾਜਪਾ ਦੇ ਉਮੀਦਵਾਰ ਹੋਣ ਬੰਦੂਕਾਂ ਦੇ ਸਾਏ ਹੇਠ ਵੋਟਾਂ ਮੰਗਣ ਆ ਰਹੇ ਹਨ। ਇਸ ਮੌਕੇ ਅਜਨਾਲੇ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਜੋਰਾਵਰ ਸਿੰਘ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਨਿੱਜਰ, ਪਵਿੱਤਰ ਸਿੰਘ ਫੈਸੀ, ਅਮੋਲਕ ਸਿੰਘ ਸ਼ਾਹ, ਦਲਬੀਰ ਸਿੰਘ ਚੱਕ ਡੋਗਰਾਂ, ਤਲਵਿੰਦਰ ਸਿੰਘ ਰਿੰਕੂ ਆਦਿ ਹਾਜ਼ਰ ਸਨ।

ਆਰ ਡੀ ਖੋਸਲਾ ਡੀ ਏ ਵੀ ਮਾਡਲ ਸਕੂਲ 'ਚ ਮਨਾਇਆ ਵਿਸਾਖੀ ਦਾ ਤਿਓਹਾਰ

ਬਟਾਲਾ (ਤਰਲੋਕ ਬੱਗਾ/ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿੱਚ ਵਿਸਾਖੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੇ ਸ਼ਬਦ ਗਾਇਨ ਪੇਸ਼ ਕੀਤਾ।ਉਨ੍ਹਾਂ ਨੇ ਭਾਸ਼ਣ ਅਤੇ ਕਵਿਤਾ ਰਾਹੀਂ ਵਿਸਾਖੀ ਦੇ ਧਾਰਮਿਕ, ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਬਾਰੇ ਦੱਸਿਆ।ਇਸ ਤਿਉਹਾਰ 'ਤੇ ਲੜਕੀਆਂ ਨੇ ਲੋਕ ਗੀਤ ਅਤੇ ਲੜਕਿਆਂ ਨੇ ਭੰਗੜਾ ਪੇਸ਼ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਸਕੂਲ ਦੇ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਵਿਸਾਖੀ ਦੇ ਪਵਿੱਤਰ ਤਿਉਹਾਰ ਦੀ ਸਾਰਿਆਂ ਨੂੰ ਹਾਰਦਿਕ ਵਧਾਈ ਦਿੰਦੇ ਹੋਏ ਕਿਹਾ ਕਿ 13 ਅਪ੍ਰੈਲ 1699 ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ।ਇਹ ਤਿਉਹਾਰ ਕਿਸਾਨਾਂ ਵੱਲੋਂ ਕਣਕ ਦੀ ਫ਼ਸਲ ਦੀ ਤਿਆਰੀ ਅਤੇ ਇਸ ਦੀ ਕਟਾਈ ਸ਼ੁਰੂ ਹੋਣ ਦਾ ਜਸ਼ਨ ਮਨਾਉਣ ਲਈ ਮਨਾਇਆ ਜਾਂਦਾ ਹੈ।ਇਸ ਦਿਨ ਸੂਰਜ ਪੂਰਬ ਵਿਚ ਪ੍ਰਵੇਸ਼ ਕਰਦਾ ਹੈ।ਇਸ ਦਿਨ ਜਲ੍ਹਿਆਂਵਾਲਾ ਬਾਗ ਵਿਚ ਜਨਰਲ ਡਾਇਰ ਵੱਲੋਂ ਬੇਸਹਾਰਾ ਅਤੇ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾ ਕੇ ਕਤਲੇਆਮ ਕੀਤਾ ਗਿਆ ਸੀ, ਜਿਸ ਨਾਲ ਲੋਕਾਂ ਦੇ ਮਨਾਂ ਵਿਚ ਅੰਗਰੇਜ਼ਾਂ ਵਿਰੁੱਧ ਬਗਾਵਤ ਪੈਦਾ ਹੋ ਗਈ ਸੀ।ਇਸ ਘਟਨਾ ਨੇ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਵਿਸਾਖੀ ਦੀਆਂ ਖੁਸ਼ੀਆਂ ਦੇ ਨਾਲ-ਨਾਲ ਸਾਨੂੰ ਉਨ੍ਹਾਂ ਸ਼ਹੀਦਾਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ, ਜਿਨ੍ਹਾਂ ਨੇ ਸਾਡੀ ਆਜ਼ਾਦੀ ਲਈ ਅਹਿਮ ਯੋਗਦਾਨ ਪਾਇਆ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਨੇ ਵੀ ਵਿਸਾਖੀ ਦੇ ਸ਼ੁਭ ਅਵਸਰ ਤੇ ਸਾਰਿਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਅਜਿਹੇ ਤਿਉਹਾਰ ਸਾਡੇ ਸੱਭਿਆਚਾਰ ਦਾ ਅਨਮੋਲ ਵਿਰਸਾ ਹਨ ਅਤੇ ਸਾਨੂੰ ਸਾਰਿਆਂ ਨੂੰ ਇਸ ਤਿਉਹਾਰ ਨੂੰ ਰਲ-ਮਿਲ ਕੇ ਮਨਾਉਣਾ ਚਾਹੀਦਾ ਹੈ।

15750 ਐੱਮਐੱਲ ਨਾਜਾਇਜ਼ ਸ਼ਰਾਬ ਬਰਾਮਦ, ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਧਾਰੀਵਾਲ ਪੁਲਸ ਦੇ ਏਐੱਸਆਈ ਗੁਰਮੇਜ ਸਿੰਘ ਨੇ ਸਮੇਤ ਪੁਲਸ ਪਾਰਟੀ ਮੁੱਖਬਰ ਦੀ ਇਤਲਾਹ 'ਤੇ ਪਿੰਡ ਅਖਲਾਸਪੁਰ ਦੇ ਸਰਕਾਰੀ ਸਕੂਲ ਦੇ ਨੇੜੇ ਝਾੜੀਆਂ ਵਿੱਚ ਰੇਡ ਕਰਕੇ ਨਾ-ਮਾਲੂਮ ਵਿਅਕਤੀ ਵਲੋਂ ਰੱਖੀ ਕੈਨੀ ਪਾਲਸਟਿਕ ਬਰਾਮਦ ਕੀਤੀ ਜਿਸ ਵਿਚੋਂ ਚੈੱਕ ਕਰਨ 'ਤੇ 9000 ਐੱਮਐੱਲ ਨਾਜਾਇਜ਼ ਸ਼ਰਾਬ ਬਰਾਮਦ ਹੋਈ ਹੈ। ਇਸੇ ਤਰ੍ਹਾਂ ਕਲਾਨੌਰ ਦੇ ਏਐੱਸਆਈ ਨਰੇਸ਼ ਕੁਮਾਰ ਨੇ ਸਮੇਤ ਪੁਲਸ ਪਾਰਟੀ ਡਰੇਨ ਪੁਲ ਡੇਰਾ ਬਾਬਾ ਨਾਨਕ ਰੋਡ ਕਲਾਨੌਰ ਤੋਂ ਸੋਮ ਰਾਜ ਪੁੱਤਰ ਮੁਲਖ ਰਾਜ ਵਾਸੀ ਮੁਹੱਲਾ ਜ਼ੈਲਦਾਰਾਂ ਕਲਾਨੌਰ ਨੂੰ 6750 ਐੱਮਐੱਲ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਉਕਤ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

- ਸਨਾਤਨ ਧਰਮ ਹਿੰਦੂ ਤਿਉਹਾਰ ਜਗਤਮਾਤਾ ਦੁਰਗਾ ਗੌਰੀ ਕਾਲੀ ਮਾਤਾ ਦੇ ਚੈਤ ਮਹੀਨੇ ਦੇ ਨਵਰਾਤਰੇ ਦੀਆ, ਲੱਖ ਲੱਖ ਵਧਾਈਆਂ।
- ਸਨਾਤਨ ਧਰਮ ਹਿੰਦੂ ਤਿਉਹਾਰ ਨਵਾਂ ਸਾਲ ਵਿਕਰਮ ਸੰਵਤ 2081 - ਕਲਯੁਗ ਸੰਵਤ ਸਾਲ 5026 - ਵੈਦਿਕ ਸੰਵਤ ਸਾਲ 155.52 ਖਰਬ ਸੰਵਤ ਸਾਲ
- ਸਨਾਤਨ ਧਰਮ ਵੈਸਾਖੀ ਤਿਉਹਾਰ ਤੇ ਅਵਤਾਰ ਦਿਵਸ ਜਯੰਤੀ ਜਗਤਗੁਰੂ ਰਾਮਾਨੰਦ ਬ੍ਰਾਹਮਣ ਅਤੇ ਜਗਤਗੁਰੂ ਰਾਮਾਨੁਜ ਬ੍ਰਾਹਮਣ ਦੀਆ ਲੱਖ ਲੱਖ ਵਧਾਈਆਂ
- ਸਨਾਤਨ ਧਰਮ ਹੋਲੀ ਹਲਾ ਤਿਉਹਾਰ ਤੇ ਭਗਵਾਨ ਨਰਸਿੰਘ ਜੀ ਦੇ ਪ੍ਰਗਟ ਦਿਵਸ (ਭਗਵਾਨ ਵਿਸ਼ਨੂੰ ਦੇ ਅਵਤਾਰ), ਮਹਾਵੀਰ ਬਾਲ ਪ੍ਰਹਿਲਾਦ ਦੀ ਰੱਖਿਆ ਕੀਤੀ ਅਤੇ ਦੈਂਤ ਰਾਜੇ ਹਿਰਣਯਕਾਸ਼ਪੂ ਨੂੰ ਮਾਰਿਆ ਤੇ ਲੱਖ-ਲੱਖ ਵਧਾਈਆਂ।
- ਛਤਰਪਤੀ ਹਿੰਦੂਪਦ ਪਾਦਸਾਹ ਮਹਾਰਾਜਾ ਸ਼ਿਵਾਜੀ ਭੌਂਸਲੇ ਯਾਦਵ ਨੂੰ ਉਨ੍ਹਾਂ ਦੇ ਰਾਜਤਿਲਕ ਦਿਵਸ ਦੀਆਂ ਲੱਖ-ਲੱਖ ਵਧਾਈਆਂ। ਤੇ ਸਾਰੇ ਹਿੰਦੂ ਨਵਰਾਤਰੇ ਤੇ ਜਗਤਮਾਤਾ ਸਿੰਘਾਂਦੇਵੀ ਦਾ ਲਾਲ ਝੰਡਾ ਤੇ ਵੇਸ਼ਾਖੀ ਅਤੇ ਸ਼ਿਵਾਜੀ ਦੇ ਹਿੰਦਵੀ ਰਾਜ ਦਾ ਕੇਸਰੀਆ ਝੰਡਾ ਲਗਾਨ ਤੇ ਲਹਿਰਾਨ
- ਰਾਜਤੀਲਕ ਦਿਵਸ ਹਿੰਦੂ ਬ੍ਰਾਹਮਣ ਸ਼ਾਹੀ ਮਹਾਰਾਜਾ ਦਾਹਿਰਸੇਨਸ਼ਾਹ ਬ੍ਰਾਹਮਣ ਤੇ ਮਹਾਰਾਜਾ ਕਲਾਰਦੇਹਸ਼ਾਹ ਬ੍ਰਾਹਮਣ ਦੀ ਲੱਖ ਲੱਖ ਵਧਾਇਆ
- ਛੱਤਰਪਤੀ ਹਿੰਦੂਪਦ ਪਾਦਸ਼ਾਹ ਸਾਹੂ ਜੀ ਭੋਸਲੇ ਪ੍ਰਧਾਨਮੰਤਰੀ ਪੇਸ਼ਵਾ ਬਾਲਾਜੀ ਵਿਸ਼ਵਾਨਾਥ ਬ੍ਰਾਹਮਣ ਤੇ ਸੈਨਾਪਤੀ ਬਾਜੀਰਾਓ ਬ੍ਰਾਹਮਣ ਦੀ ਹਿੰਦੂਸ਼ਾਹੀ ਹਿੰਦਵੀ ਫੋਜ ਨੇ ਦਿੱਲੀ ਲਾਲ ਕਿਲ੍ਹੇ ਤੇ ਹਮਲਾ ਕਰਕੇ 28 ਫਰਵਰੀ 1719 ਤੋਂ 29 ਅਪ੍ਰੈਲ 1719 ਨੂੰ ਮੁਗ਼ਲ ਬਾਦਸ਼ਾਹ ਫ਼ਾਰੁਖਸਿਯਾਰ ਖਾਨ ਨੂੰ ਵੂਚੜੀ ਤਰੀਕੇ ਨਾਲ ਮਾਰਿਆ ਤੇ ਮਹਾਰਾਜਾ ਬੰਦਾ ਬਹਾਦਰ ਭਾਰਦਵਾਜ ਵੰਸ਼ਜ ਮਹਾਰਿਸ਼ੀ ਭਾਰਦਵਾਜ - 740 ਧਰਮੀ ਸੈਨਿਕ - 4 ਸਾਲਾਂ ਗੁਰੂਕੁਲ ਪੁੱਤਰ ਅਜੈ ਭਾਰਦਵਾਜ ਦੀ

13-Apral-PAGE-4-24.qxd 4/12/2024 10:53 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 13 ਅਪ੍ਰੈਲ 2024

ਸਿਵਲ ਸੁਸਾਇਟੀਆਂ ਦੇ ਡਟਣ ਦਾ ਵੇਲਾ

ਪਿਛਲੀਆਂ ਅਸੰਬਲੀ ਚੋਣਾਂ ਵਿਚ ਕਰਨਾਟਕ ਵਿਚ ਭਾਜਪਾ ਦੀ ਡਬਲ ਇੰਜਣ ਸਰਕਾਰ ਨੂੰ ਚਲਦਾ ਕਰਕੇ ਕਾਂਗਰਸ ਦੀ ਸਰਕਾਰ ਲਿਆਉਣ 'ਚ ਸਿਵਲ ਸੁਸਾਇਟੀ ਗਰੁੱਪਾਂ ਨੇ ਅਹਿਮ ਰੋਲ ਨਿਭਾਇਆ ਸੀ। ਭਾਜਪਾ ਦੀਆਂ ਵੰਡਪਾਊ ਨੀਤੀਆਂ ਤੇ ਮੌਕੇ ਦੀ ਭਾਜਪਾ ਸਰਕਾਰ ਦੀ ਕੁਰੱਪਸ਼ਨ ਵਿਰੁੱਧ ਉਨ੍ਹਾਂ ਇੱਕ ਟੱਕ ਮੁਹਿੰਮ ਨਾ ਚਲਾਈ ਹੁੰਦੀ ਤਾਂ ਸ਼ਾਇਦ ਕਾਂਗਰਸ ਨੂੰ ਆਪਣੇ ਦਮ 'ਤੇ ਸਫਲਤਾ ਨਾ ਮਿਲਦੀ। ਇਨ੍ਹਾਂ ਸਿਵਲ ਸੁਸਾਇਟੀ ਗਰੁੱਪਾਂ ਵਿਚ ਸਮਾਜੀ ਕਾਰਕੁਨ, ਵਕੀਲ, ਡਾਕਟਰ, ਡਿਜ਼ਾਈਨਰ ਅਤੇ ਵੱਖ-ਵੱਖ ਜਾਤਾਂ, ਧਰਮਾਂ, ਲਿੰਗ ਆਦਿ ਦੀਆਂ ਐੱਨ ਜੀ ਓ ਸ਼ਾਮਲ ਸਨ। ਇਨ੍ਹਾਂ ਨੇ ਸ਼ਹਿਰਾਂ ਤੋਂ ਇਲਾਵਾ ਪਿੰਡਾਂ ਵਿਚ ਵੀ ਪ੍ਰਚਾਰ ਕਰਕੇ ਭਾਜਪਾ ਦੀਆਂ ਨਾਪਾਕ ਨੀਤੀਆਂ ਵਿਰੁੱਧ ਲੋਕਾਂ ਨੂੰ ਖਬਰਦਾਰ ਕੀਤਾ। ਕਰਨਾਟਕ ਦੇ ਤਜਰਬੇ ਦੇ ਮੱਦੇਨਜ਼ਰ ਹੁਣ ਮਹਾਰਾਸ਼ਟਰ ਦੀ ਸਿਵਲ ਸੁਸਾਇਟੀ ਦੇ ਉੱਘੇ ਮੈਂਬਰਾਂ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੂਬੇ ਦੀ ਪ੍ਰਗਤੀਸ਼ੀਲ ਵਿਰਾਸਤ ਦੀ ਮੁੜ ਜੈ-ਜੈ ਕਾਰ ਕਰਾਉਣ ਲਈ ਆਪੋਜ਼ੀਸ਼ਨ ਪਾਰਟੀਆਂ ਦੇ ਗਠਜੋੜ 'ਇੰਡੀਆ' ਦਾ ਹਿੱਸਾ ਮਹਾਂ ਵਿਕਾਸ ਅਘਾੜੀ ਦੀ ਹਮਾਇਤ ਕਰਨ, ਕਿਉਂਕਿ 'ਇੰਡੀਆ' ਹੀ ਮਹਾਰਾਸ਼ਟਰ ਤੇ ਦੇਸ਼ ਦੇ ਲੋਕਾਂ ਕੋਲ ਦਮਦਾਰ ਬਦਲ ਹੈ। ਇਹ ਐਲਾਨਦਿਆਂ ਕਿ ਉਹ ਭਾਜਪਾ ਜਾਂ ਇਸ ਦੇ ਇਤਿਹਾਦੀਆਂ ਨੂੰ ਵੋਟ ਨਹੀਂ ਪਾਉਣਗੇ, ਸਿਵਲ ਸੁਸਾਇਟੀ ਦੇ ਮੈਂਬਰਾਂ ਨੇ ਕਿਹਾ ਹੈ— ਮਹਾਰਾਸ਼ਟਰ ਵਿਚ ਚਲੰਤ ਹਕੂਮਤ ਨਾ ਸਿਰਫ ਤਿੰਨ ਸੱਤਾ ਦੀਆਂ ਭੁੱਖੀਆਂ ਪਾਰਟੀਆਂ ਦੀ ਕੁਲੀਸ਼ਨ ਹੈ, ਸਗੋਂ ਗੈਰ-ਇਖਲਾਕੀ ਤਿਕੜੀ ਵੱਲੋਂ ਬਣਾਈ ਗਈ ਕਠਪੁਤਲੀ ਹਕੂਮਤ ਵੀ ਹੈ। ਇਹ ਦਿੱਲੀ ਤੋਂ ਮੋਦੀ-ਸ਼ਾਹ ਦੇ ਇਸ਼ਾਰੇ 'ਤੇ ਚਲਦੀ ਹੈ। ਭਾਜਪਾ ਤੇ ਉਸ ਦੇ ਇਤਿਹਾਦੀਆਂ ਦਾ ਵਿਰੋਧ ਕਰਨ ਦੀ ਅਪੀਲ ਜਾਰੀ ਕਰਨ ਵਾਲਿਆਂ ਵਿਚ ਮਹਾਤਮਾ ਗਾਂਧੀ ਦੇ ਪੜਪੋਤੇ ਤੁਸ਼ਾਰ ਗਾਂਧੀ, ਲੇਖਕ ਰਾਮ ਪੁੰਨੀਯਾਨੀ, ਸਮਾਜੀ ਕਾਰਕੁਨ ਤੀਸਤਾ ਸੀਤਲਵਾੜ, ਹਾਈ ਕੋਰਟ ਦੇ ਸਾਬਕਾ ਜੱਜ ਬੀ ਜੀ ਕੋਲਸੇ ਪਾਟਿਲ ਤੇ ਫਿਲਮਸਾਜ਼ ਆਨੰਦ ਪਟਵਰਧਨ ਸ਼ਾਮਲ ਹਨ। ਉਨ੍ਹਾਂ ਕਿਹਾ ਹੈ ਕਿ ਇਕ ਵੇਲੇ ਮਹਾਰਾਸ਼ਟਰ ਪ੍ਰਗਤੀਸ਼ੀਲ ਤੇ ਕਦਰਾਂ-ਕੀਮਤਾਂ ਅਧਾਰਤ ਸਿਆਸਤ ਲਈ ਜਾਣਿਆ ਜਾਂਦਾ ਸੀ। ਮਹਾਰਾਸ਼ਟਰ ਵਿਚ ਸੰਤ ਤੁਕਾਰਾਮ, ਸੰਤ ਕਵਿੱਤਰੀ ਜਨਾਬਾਈ, ਸੰਤ ਸੋਯਰਾਬਾਈ ਤੇ ਸੰਤ ਨਾਮਦੇਵ ਮਹਾਰਾਜ ਵਰਗੀਆਂ ਪ੍ਰਗਤੀਸ਼ੀਲ ਸ਼ਖਸੀਅਤਾਂ ਹੋਈਆਂ ਹਨ। ਉਹ ਨਾ ਸਿਰਫ ਸੂਬੇ ਦੀ ਰੂਹਾਨੀ ਵਿਰਾਸਤ ਦਾ ਹਿੱਸਾ ਹਨ, ਸਗੋਂ ਮਹਾਰਾਸ਼ਟਰ ਦੇ ਕਲਚਰਲ ਹੀਰੇ ਹਨ। ਇਨ੍ਹਾਂ ਤੋਂ ਇਲਾਵਾ ਸ਼ਿਵਾਜੀ ਮਹਾਰਾਜ, ਸਾਹੂ ਮਹਾਰਾਜ, ਮਹਾਤਮਾ ਜੋਤੀਬਾ ਫੂਲੇ, ਸਾਵਿਤਰੀ ਬਾਈ ਫੂਲੇ, ਫਾਤਿਮਾ ਸ਼ੇਖ ਤੇ ਡਾ. ਬਾਬਾ ਸਾਹਿਬ ਅੰਬੇਡਕਰ ਨੇ ਸਾਨੂੰ ਨਵੇਂ ਦਿਸਹੱਦੇ ਦਿਖਾਏ। ਇਨ੍ਹਾਂ ਦੀਆਂ ਕੁਰਬਾਨੀਆਂ ਤੇ ਯੋਗਦਾਨ ਸਦਕੇ ਮਹਾਰਾਸ਼ਟਰ ਸਮਾਜੀ-ਸਿਆਸੀ ਅਸੂਲਾਂ, ਆਰਥਕ ਖੁਸ਼ਹਾਲੀ ਤੇ ਕਲਚਰਲ ਅਖੰਡਤਾ ਦਾ ਚਾਨਣ-ਮੁਨਾਰਾ ਬਣਿਆ ਰਿਹਾ। ਅੱਜ ਸੱਤਾ ਦੀਆਂ ਭੁੱਖੀਆਂ ਤਿੰਨ ਗੈਰ-ਇਖਲਾਕੀ ਮੌਕਾਪ੍ਰਸਤ ਸਿਆਸੀ ਪਾਰਟੀਆਂ ਨੇ ਮੋਦੀ-ਸ਼ਾਹ ਦੀਆਂ ਕਠਪੁਤਲੀਆਂ ਬਣ ਕੇ ਮਹਾਰਾਸ਼ਟਰ ਨੂੰ ਬਦਨਾਮ ਕਰ ਛੱਡਿਆ ਹੈ।

ਜਿਵੇਂ ਮਹਾਰਾਸ਼ਟਰ ਦੀ ਸਿਵਲ ਸੁਸਾਇਟੀ ਸਰਗਰਮ ਹੋਈ ਹੈ, ਉਸੇ ਤਰ੍ਹਾਂ ਪੰਜਾਬ ਸਣੇ ਦੇਸ਼ ਦੇ ਹੋਰਨਾਂ ਰਾਜਾਂ ਦੀਆਂ ਸਿਵਲ ਸੁਸਾਇਟੀਆਂ ਨੂੰ ਲੱਕ ਬੰਨ੍ਹ ਕੇ ਡਟ ਜਾਣਾ ਚਾਹੀਦਾ ਹੈ। ਧਨ-ਬਲ ਨਾਲ ਚੋਣ ਲੜ ਰਹੀ ਭਾਜਪਾ ਨੂੰ ਹਰਾਉਣਾ ਨਿਰੀਆਂ ਆਪੋਜ਼ੀਸ਼ਨ ਪਾਰਟੀਆਂ ਦੇ ਵੱਸ ਵਿਚ ਨਹੀਂ। ਜਮਹੂਰੀਅਤ ਤੇ ਸੰਵਿਧਾਨ ਨੂੰ ਬਚਾਉਣ ਲਈ ਹਰ ਸੂਝਵਾਨ ਵੋਟਰ ਨੂੰ ਅੱਗੇ ਆ ਕੇ ਪ੍ਰਚਾਰ ਕਰਨਾ ਪੈਣਾ ਹੈ। ਸਿਵਲ ਸੁਸਾਇਟੀਆਂ ਦੀ ਸਰਗਰਮੀ ਤਬਦੀਲੀ ਦੀ ਜ਼ਾਮਨ ਹੈ। ਕਰਨਾਟਕ ਇਸ ਦੀ ਉੱਘੜਵੀਂ ਮਿਸਾਲ ਹੈ।

ਕਣਕ ਦੀ ਪੱਕ ਚੁੱਕੀ ਫਸਲ ਨੂੰ ਅੱਗ ਲੱਗਣ ਤੋਂ ਬਚਾਓ !

ਗੁਰਪ੍ਰੀਤ ਸਿੰਘ ਗਿੱਲ

ਅੱਜ-ਕੱਲ੍ਹ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਚੁੱਕੀ ਹੈ ਤੇ ਇਸ ਨੂੰ ਕੁਝ ਹੀ ਦਿਨਾਂ ਬਾਅਦ ਕੱਟਿਆ ਜਾਣਾ ਹੈ, ਪਰ ਇਸ ਤੋਂ ਪਹਿਲਾਂ ਪੱਕ ਚੁੱਕੀ ਕਣਕ ਨੂੰ ਕਈ ਵਾਰ ਅੱਗ ਲੱਗਣ ਦੀਆਂ ਘਟਨਾਵਾਂ ਅਸੀਂ ਇਨ੍ਹਾਂ ਦਿਨਾਂ ਵਿੱਚ ਆਮ ਤੌਰ 'ਤੇ ਦੇਖਦੇ ਹਾਂ। ਅਪ੍ਰੈਲ ਅਤੇ ਮਈ ਦੇ ਮਹੀਨੇ ਵਿੱਚ ਗਰਮੀ ਦੇ ਵਧਣ ਕਾਰਨ ਫਸਲ ਪੱਕ ਕੇ ਸੁੱਕ ਜਾਂਦੀ ਹੈ, ਜਿਸ ਕਰਕੇ ਅੱਗ ਬਹੁਤ ਛੇਤੀ ਲੱਗਦੀ ਹੈ। ਕਿਸਾਨ ਵੱਲੋਂ ਪੂਰੇ ਛੇ ਮਹੀਨੇ ਆਪਣੀ ਫਸਲ ਨੂੰ ਮਿਹਨਤ 'ਤੇ ਖਰਚਾ ਕਰਕੇ ਪਾਲਿਆ ਜਾਂਦਾ ਹੈ, ਪਰ ਕਈ ਵਾਰ ਮੌਸਮ ਦੀ ਮਾਰ ਤੇ ਕਿਸੇ ਅਣਸੁਖਾਵੀਂ ਘਟਨਾ ਕਰਕੇ ਨੁਕਸਾਨ ਹੋ ਜਾਂਦਾ ਹੈ।ਕਿਸਾਨ ਪੂਰੇ ਸਾਲ ਲਈ ਆਪਣੇ ਖਾਣ ਲਈ ਅਤੇ ਪਸ਼ੂਆਂ ਦੇ ਦਾਣੇ ਲਈ ਕਣਕ ਨੂੰ ਆਪਣੇ ਘਰ ਵਿੱਚ ਰੱਖਦਾ ਹੈ ਤੇ ਇਸ ਤੋਂ ਇਲਾਵਾ ਕਣਕ ਦੇ ਨਾੜ ਤੋਂ ਪਸ਼ੂਆਂ ਦੇ ਚਾਰੇ ਲਈ ਤੂੜੀ ਬਣਾਈ ਜਾਂਦੀ ਹੈ। ਪਰ ਜੇਕਰ ਕਣਕ ਨੂੰ ਅੱਗ ਲੱਗ ਜਾਂਦੀ ਹੈ ਤਾਂ ਕਿਸਾਨ ਦੀ ਆਰਥਿਕ ਦਸ਼ਾ 'ਤੇ ਵੀ ਇਸ ਦਾ ਪ੍ਰਭਾਵ ਪੈਂਦਾ ਹੈ।ਇਸ ਲਈ ਸਾਨੂੰ ਅੱਗ ਤੋਂ ਬਚਣ ਲਈ ਕੁਝ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ ਤੇ ਕੋਈ ਅਣਗਹਿਲੀ ਨਹੀਂ ਕਰਨੀ ਚਾਹੀਦੀ। ਸਭ ਤੋਂ ਪਹਿਲਾਂ ਤਾਂ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਬਿਜਲੀ ਦੀ ਸਪਲਾਈ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

ਬਿਜਲੀ ਦੀਆਂ ਢਿੱਲੀਆਂ/ਨੀਵੀਆਂ ਤਾਰਾਂ ਅਤੇ ਜੀ.ਓ ਸਵਿੱਚਾਂ ਆਦਿ ਤੋਂ ਸਪਾਰਕਿੰਗ ਨਾਲ ਕਣਕ ਦੀ ਫਸਲ ਨੂੰ ਕਈ ਵਾਰ ਅੱਗ ਲੱਗ ਜਾਂਦੀ ਹੈ, ਇਸ ਤੋਂ ਬਚਾਓ ਰੱਖਣ ਲਈ ਕਿਸਾਨਾਂ ਨੂੰ ਸਮੇਂ ਸਿਰ ਇਹਨਾਂ ਨੂੰ ਬਿਜਲੀ ਵਿਭਾਗ ਤੋਂ ਠੀਕ ਕਰਾਉਣਾ ਚਾਹੀਦਾ ਹੈ ਤਾਂ ਜੋ ਫਸਲ ਨੂੰ ਅੱਗ ਲੱਗਣ ਤੋਂ ਬਚਾਇਆ ਜਾ ਸਕੇ।

ਖੇਤਾਂ ਵਿੱਚ ਪਾਣੀ ਵਾਲੀ ਮੋਟਰ ਦੇ ਕੋਲ ਲੱਗੇ ਟਰਾਂਸਫਾਰਮਰ ਦੇ ਆਲੇ-ਦੁਆਲੇ ਦੀ ਇੱਕ-ਦੋ ਮਰਲੇ ਕਣਕ ਪਹਿਲਾਂ ਹੀ ਕੱਟ ਲੈਣੀ ਚਾਹੀਦੀ ਹੈ। ਟਰਾਂਸਫਾਰਮਰ ਦੇ ਆਲੇ-ਦੁਆਲੇ ਦੇ ਘੇਰੇ ਨੂੰ ਪਾਣੀ ਨਾਲ ਗਿੱਲਾ ਰੱਖਿਆ ਜਾਵੇ, ਤਾਂ ਜੋ ਕੋਈ ਚੰਗਿਆੜੀ ਡਿੱਗਣ ਨਾਲ ਅੱਗ ਲੱਗਣ ਤੋਂ ਬਚਿਆ ਜਾ ਸਕੇ।

ਇਹਨਾਂ ਦਿਨਾਂ ਦੇ ਦੌਰਾਨ ਕਣਕ ਦੇ ਖੇਤ ਨੇੜੇ ਬੀੜੀ/ਸਿਗਰੇਟ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤੇ ਨਾ ਹੀ ਖੇਤ ਨੇੜੇ ਅੱਗ ਨੂੰ ਬਾਲਣਾ ਚਾਹੀਦਾ ਹੈ।

ਕਿਸਾਨਾਂ ਵੱਲੋਂ ਆਪਣੇ ਕਣਕ ਦੇ ਖੇਤ ਨੂੰ ਅੱਗ ਤੋਂ ਬਚਾਉਣ ਲਈ ਸ਼ਰਾਰਤੀ ਅਨਸਰਾਂ 'ਤੇ ਵੀ ਨਿਗਰਾਨੀ ਰੱਖਣੀ ਚਾਹੀਦੀ ਹੈ।

ਕਣਕ ਦੀ ਕਟਾਈ ਲਈ ਕੰਬਾਈਨ ਸਿਰਫ ਦਿਨ ਵੇਲੇ ਹੀ ਚਲਾਈ ਜਾਵੇ। ਕੰਬਾਈਨ, ਰੀਪਰ ਅਤੇ ਹੜੰਬੇ ਆਦਿ ਦੇ ਪੁਰਜ਼ਿਆਂ ਤੋਂ ਨਿਕਲਣ ਵਾਲੀਆਂ ਚੰਗਿਆੜੀਆਂ ਦਾ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਕਿਸੇ ਕਣਕ ਦੇ ਖੇਤ ਵਿੱਚ ਅੱਗ ਲੱਗ ਜਾਂਦੀ ਹੈ ਤਾਂ ਕਿਸਾਨਾਂ ਨੂੰ ਆਪਣੇ ਨੇੜਲੇ ਫਾਇਰ ਸਟੇਸ਼ਨ ਨਾਲ ਜਲਦ ਤੋਂ ਜਲਦ ਸੰਪਰਕ ਕਰਨਾ ਚਾਹੀਦਾ ਹੈ।

ਕਿਸਾਨਾਂ ਨੂੰ ਆਪਣੇ ਖੇਤਾਂ ਦੇ ਨੇੜੇ ਪਾਣੀ ਵਾਲੀਆਂ ਟੈਂਕੀਆਂ ਨੂੰ ਭਰ ਕੇ ਰੱਖਣਾ ਚਾਹੀਦਾ ਹੈ ਤਾਂ, ਜੋ ਲੋੜ ਪੈਣ 'ਤੇ ਉਹਨਾਂ ਨੂੰ ਵਰਤਿਆ ਜਾ ਸਕੇ। ਸਰਕਾਰ ਤੇ ਖੇਤੀਬਾੜੀ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਇਸ ਸਬੰਧੀ ਜਾਗਰਤ ਕਰਦੀ ਰਹੇ ਤੇ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਫਾਇਰ ਸਟੇਸ਼ਨਾਂ 'ਤੇ ਅੱਗ ਬੁਝਾਊ ਗੱਡੀਆਂ ਦਾ ਪ੍ਰਬੰਧ ਕਰਕੇ ਰੱਖਣਾ ਚਾਹੀਦਾ ਹੈ।

ਸੰਪਰਕ : 94630-43649

ਦੇਸ਼ ਨੂੰ ਦਰਪੇਸ਼ ਸਮੱਸਿਆਵਾਂ, ਹਕੂਮਤੀ ਦਾਅਵੇ ਤੇ ਹਕੀਕਤਾਂ-2

ਡਾ. ਅਨੂਪ ਸਿੰਘ

ਇਸ ਵੇਲੇ (2023-24) ਵਿਚ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ 8.7 ਫੀਸਦੀ ਹੈ, ਭਾਵ ਜਿਨ੍ਹਾਂ ਨੂੰ ਇਕ ਹਫ਼ਤੇ 'ਚ ਇਕ ਘੰਟਾ ਵੀ ਕੰਮ ਨਹੀਂ ਮਿਲਦਾ। ਜਿਨ੍ਹਾਂ ਨੂੰ ਹਫ਼ਤੇ 'ਚ ਇਕ ਘੰਟਾ ਜਾਂ ਪੂਰੀ ਦਿਹਾੜੀ ਵੀ ਕੰਮ ਮਿਲ ਜਾਂਦਾ ਹੋਵੇਗਾ, ਉਨ੍ਹਾਂ ਦੀ ਰੋਜ਼ੀ ਰੋਟੀ ਬਾਰੇ ਸੰਵੇਦਨਸ਼ੀਲ ਲੋਕ ਹੀ ਅਨੁਮਾਨ ਲਗਾ ਸਕਦੇ ਹਨ। ਊਰਜਾਵਾਨ ਮਾਹਰ ਕਿਰਤੀ ਪ੍ਰਵਾਸ ਕਰ ਰਹੇ ਹਨ। ਇਹ ਪ੍ਰਵਾਸ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਵਿਦੇਸ਼ਾਂ ਵੱਲ ਵੀ ਹੈ। ਵਿਦੇਸ਼ਾਂ ਵੱਲ ਪ੍ਰਵਾਸ ਕਾਨੂੰਨੀ ਵੀ ਹੈ ਅਤੇ ਗ਼ੈਰ-ਕਾਨੂੰਨੀ ਵੀ। ਨੌਜਵਾਨਾਂ ਨੂੰ ਯੋਗਤਾ ਅਨੁਸਾਰ ਲਾਹੇਵੰਦ ਰੁਜ਼ਗਾਰ ਕਦੋਂ ਮਿਲੇਗਾ? ਚੌਕੀਦਾਰਾਂ ਅਤੇ ਰੇਲਵੇ ਟਰੈਕ ਦੀ ਸਾਂਭ-ਸੰਭਾਲ ਲਈ ਭਰਤੀ ਲਈ ਐੱਮ.ਏ. ਤੇ ਪੀ ਐੱਚ.ਡੀ. ਡਿਗਰੀ ਪ੍ਰਾਪਤ ਨੌਜਵਾਨ ਵੀ ਬਿਨੈ-ਪੱਤਰ ਦਿੰਦੇ ਹਨ। ਕਿਰਤ ਸ਼ਕਤੀ ਵਿਚ ਹਿੱਸੇਦਾਰੀ ਦਰ 50 ਜਾਂ 60 ਫੀਸਦੀ ਤੋਂ ਉੱਪਰ ਕਦੋਂ ਜਾਏਗੀ? ਇਹ ਇਸ ਵੇਲੇ ਸਰਕਾਰੀ ਅੰਕੜਿਆਂ ਅਨੁਸਾਰ ਇਹ 44 ਫੀਸਦੀ ਹੈ ਅਤੇ ਔਰਤਾਂ ਲਈ ਇਹ ਹਿੱਸੇਦਾਰੀ 22-23 ਫੀਸਦੀ ਦੇ ਨੇੜੇ-ਤੇੜੇ ਹੈ। ਆਮ ਵਸਤਾਂ, ਜੋ ਆਮ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਹਨ, ਦੀ ਖਪਤ ਕਦੋਂ ਵਧੇਗੀ ? ਤਨਖਾਹਾਂ/ਉਜ਼ਰਤਾਂ 'ਚ ਖੜੋਤ ਹੈ। ਆਮ ਲੋਕਾਂ ਲਈ (ਭਾਰਤ ਦੀ ਤਿੰਨ-ਚੌਥਾਈ ਵਸੋਂ) ਮਹਿੰਗਾਈ ਤੇ ਭ੍ਰਿਸ਼ਟਾਚਾਰ ਵੱਡੀਆਂ ਸਮੱਸਿਆਵਾਂ ਹਨ। ਮਹਿੰਗਾਈ ਲਈ ਹੁਣ ਕਾਰਪੋਰੇਟਰਾਂ ਦੇ ਬੇਤਹਾਸ਼ਾ ਮੁਨਾਫ਼ੇ ਅਤੇ ਕੇਂਦਰ ਤੇ ਰਾਜ ਸਰਕਾਰ ਦੁਆਰਾ ਲਗਾਏ ਜਾਂਦੇ ਅਸਿੱਧੇ ਟੈਕਸ ਵੀ ਜ਼ਿੰਮੇਵਾਰ ਹਨ।

ਭਾਰਤੀ ਲੋਕਾਂ ਨਾਲ ਭਾਜਪਾ ਨੇ ਵਾਅਦਾ ਕੀਤਾ ਸੀ ਕਿ ਪੇਂਡੂ ਖੇਤਰਾਂ ਵਿਚ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਵਿਵਸਥਾ ਕਰਨ ਨਾਲ ਪੇਂਡੂ ਲੋਕਾਂ ਦੀ ਆਮਦਨ ਵਿਚ ਵਾਧਾ ਹੋਵੇਗਾ। ਬੜੀ ਬੇਸ਼ਰਮੀ ਨਾਲ ਹੁਣ ਅਜਿਹਾ ਦਾਅਵਾ ਵੀ ਕੀਤਾ ਜਾ ਰਿਹਾ ਹੈ। ਪਰ ਹਕੀਕਤ ਇਹ ਹੈ ਕਿ ਪੀ ਐੱਲ ਐੱਫ ਐੱਸ ਦੇ ਅੰਕੜਿਆਂ ਅਤੇ ਸਟੇਟ ਆਫ ਵਰਕਿੰਗ ਇੰਡੀਆ ਰਿਪੋਰਟ (ਅਜ਼ੀਮ ਪ੍ਰੇਮਜੀ ਯੂਨੀਵਰਸਿਟੀ) ਅਨੁਸਾਰ ਤਿੰਨ ਤਰ੍ਹਾਂ ਦੇ ਕਿਰਤੀਆਂ (ਨਿਯਮਤ, ਕੱਚੇ /ਦਿਹਾੜੀਦਾਰ ਅਤੇ ਸਵੈ-ਰੁਜ਼ਗਾਰ) ਦੀ ਮਜ਼ਦੂਰੀ 'ਚ 2017-18 ਅਤੇ 2022-23 ਦਰਮਿਆਨ ਖੜੋਤ ਆਈ ਹੈ, ਭਾਵ ਕੋਈ ਵਾਧਾ ਨਹੀਂ ਹੋਇਆ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਹਰ ਸਾਲ ਹਾਸ਼ੀਆਗਤ ਅਤੇ ਛੋਟੇ ਕਿਸਾਨਾਂ ਸਮੇਤ 11.8 ਕਰੋੜ ਕਿਸਾਨਾਂ ਨੂੰ ਛੇ ਹਜ਼ਾਰ ਰੁਪਏ (ਤਿੰਨ ਕਿਸ਼ਤਾਂ 'ਚ) ਸਾਲਾਨਾ ਪ੍ਰਤੱਖ ਸਹਾਇਤਾ ਦਿੱਤੀ ਜਾਂਦੀ ਸੀ, ਪਰ 15 ਨਵੰਬਰ 2023 ਤੱਕ ਇਹ ਗਿਣਤੀ ਘਟ ਕੇ 8.12 ਕਰੋੜ ਰਹਿ ਗਈ। ਇਹ ਰਾਸ਼ੀ ਪ੍ਰਤੀ ਦਿਨ 16.44 ਰੁਪਏ ਪ੍ਰਤੀ ਕਿਸਾਨ ਪਰਵਾਰ ਬਣਦੀ ਹੈ। ਇਹ ਨਿਧੀ ਉਨ੍ਹਾਂ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ, ਜਿਹੜੇ ਥੋੜ੍ਹੀ-ਬਹੁਤ ਜ਼ਮੀਨ ਦੇ ਮਾਲਕ ਹਨ, ਪਰ ਪਟੇਦਾਰਾਂ ਜਾਂ ਠੇਕੇ ਜਾਂ ਅੱਧ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲਿਆਂ ਨੂੰ ਨਹੀਂ ਦਿੱਤੀ ਜਾਂਦੀ।

ਆਰ ਐੱਸ ਐੱਸ. ਦੀ ਅਗਵਾਈ 'ਚ ਮੋਦੀ ਸਰਕਾਰ ਦਾਅਵਾ ਕਰਦੀ ਹੈ ਕਿ ਉਸ ਨੇ ਸਿੱਖਿਆ ਦੇ ਖੇਤਰ ਵਿਚ ਇਨਕਲਾਬੀ ਕਦਮ ਚੁੱਕੇ ਹਨ। ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਹੈ। ਸਿੱਖਿਆ ਮਾਹਰਾਂ ਅਨੁਸਾਰ ਨਵੀਂ ਸਿੱਖਿਆ ਨੀਤੀ ਅਮਲ 'ਚ ਸਿੱਖਿਆ ਦਾ ਨਿਰਲੱਜ ਨਿੱਜੀਕਰਨ, ਵਪਾਰੀਕਰਨ ਤੇ ਭਗਵਾਂਕਰਨ ਹੈ। ਇਹ ਨੀਤੀ ਪ੍ਰਤਿਸ਼ਠ ਅੰਤਰ-ਰਾਸ਼ਟਰੀ ਸਿੱਖਿਆ ਸੰਸਥਾਵਾਂ ਨੂੰ ਭਾਰਤ 'ਚ ਆਪਣੀਆਂ ਸ਼ਾਖਾਵਾਂ ਆਪਣੀਆਂ ਸ਼ਰਤਾਂ 'ਤੇ ਖੋਲ੍ਹਣ ਦੀ ਖੁੱਲ੍ਹ ਦਿੰਦੀ ਹੈ। ਮੋਦੀ ਸਰਕਾਰ ਵੱਡੀ ਗਿਣਤੀ 'ਚ ਉੱਚ ਸਿੱਖਿਆ ਤੇ ਤਕਨੀਕੀ ਸੰਸਥਾਵਾਂ ਖੋਲ੍ਹਣ ਦੇ ਦਾਅਵੇ ਕਰਦੀ ਹੈ। ਸਰਕਾਰ ਅਨੁਸਾਰ ਬੀਤੇ ਦਸ ਸਾਲਾਂ ਵਿਚ 390 ਯੂਨੀਵਰਸਿਟੀਆਂ, ਸੋਲਾਂ ਆਈ ਆਈ ਆਈ ਆਈ ਟੀਜ਼, ਸੱਤ ਆਈ ਆਈ ਟੀਜ਼ ਅਤੇ ਪੰਦਰਾਂ ਏਮਜ਼ ਸਥਾਪਤ ਕੀਤੇ ਗਏ ਹਨ, ਪਰ ਹਕੀਕਤ ਇਹ ਹੈ ਕਿ ਪ੍ਰਾਇਮਰੀ ਸਕੂਲਾਂ ਤੋਂ ਯੂਨੀਵਰਸਿਟੀ ਤੱਕ ਅਧਿਆਪਕਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਹਨ। ਠੋਸ ਹਕੀਕਤਾਂ ਕੀ ਹਨ? 22 ਮਾਰਚ 2023 ਤੱਕ ਆਈ ਆਈ ਟੀਜ਼ ਵਿਚ 9,625 ਪੋਸਟਾਂ ਖਾਲੀ ਹਨ ਅਤੇ ਆਈ. ਆਈ. ਆਈ.ਟੀਜ਼ ਵਿਚ 1,212 ਪੋਸਟਾਂ ਖਾਲੀ ਹਨ। ਕੇਂਦਰੀ ਯੂਨੀਵਰਸਿਟੀਆਂ 'ਚ 22,106 ਲੈਕਚਰਾਰਾਂ ਤੇ ਪ੍ਰੋਫੈਸਰਾਂ ਦੀਆਂ ਅਸਾਮੀਆਂ ਖਾਲੀ ਹਨ। 15 ਮਾਰਚ 2022 ਤੱਕ ਏਮਜ਼ ਦਿੱਲੀ 'ਚ ਫੈਕਲਟੀ ਅਤੇ ਰੈਜ਼ੀਡੈਂਟ ਡਾਕਟਰਾਂ ਦੀਆਂ 1,256 ਅਸਾਮੀਆਂ ਖਾਲੀ ਸਨ ਅਤੇ ਦੂਜੀਆਂ 19 ਏਮਜ਼ ਵਿਚ 3781 ਪੋਸਟਾਂ ਖਾਲੀ ਸਨ। ਪ੍ਰਾਂਤਕ ਯੂਨੀਵਰਸਿਟੀਆਂ 'ਚ ਸਥਿਤੀ ਤਾਂ ਇਸ ਤੋਂ ਵੀ ਭੈੜੀ ਹੈ। ਰਾਜ ਹੁਣ ਕੇਂਦਰੀ ਸਰਕਾਰ ਦੇ ਰਹਿਮ 'ਤੇ ਹਨ।

ਕੇਂਦਰ ਸਰਕਾਰ ਦਾਅਵਾ ਕਰਦੀ ਹੈ ਕਿ ਜੀ ਐੱਸ ਟੀ ਨੇ 'ਇੱਕ ਰਾਸ਼ਟਰ, ਇੱਕ ਬਾਜ਼ਾਰ ਤੇ ਇੱਕ ਟੈਕਸ' ਦੇ ਸਿਧਾਂਤ ਨੂੰ ਅਮਲ 'ਚ ਲਾਗੂ ਕੀਤਾ ਹੈ, ਪਰ ਹਕੀਕਤ ਇਹ ਹੈ ਕਿ ਜੀ ਐੱਸ ਟੀ ਇਕਸਮਾਨ-ਇਕਸਾਰ ਹੋ ਹੀ ਨਹੀਂ ਸਕਦੀ। ਇਹ ਇਸ ਵੇਲੇ ਵੀ ਅਜਿਹੀ ਨਹੀਂ ਹੈ ਅਤੇ ਨਾ ਹੀ ਇੱਛਿਤ ਹੈ।

13-APRIL-PAGE-10.qxd 4/12/2024 10:49 PM Page 1

ਚੋਰੀ ਦੀ ਕਾਰ ਤੇ 8 ਮੋਟਰਸਾਈਕਲਾਂ ਸਮੇਤ ਗ੍ਰਿਫਤਾਰ

ਸ੍ਰੀ ਮੁਕਤਸਰ ਸਾਹਿਬ/ਮਲੋਟ (ਸ਼ਮਿੰਦਰਪਾਲ, ਪੂਜਾ, ਚਾਵਲਾ, ਪਰਮਜੀਤ/ਗੁਰਮੀਤ ਸਿੰਘ ਮੱਕੜ)

ਭਾਗੀਰਥ ਸਿੰਘ ਮੀਨਾ ਐੱਸ ਐੱਸ ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲੇ ਅੰਦਰ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਗਈ ਮੁਹਿੰਮ ਦੇ ਚਲਦਿਆਂ ਨਸ਼ਾ ਤਸਕਰਾਂ ਤੇ ਮਾੜੇ ਅਨਸਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਇਸੇ ਤਹਿਤ ਹੀ ਮਨਮੀਤ ਸਿੰਘ ਢਿੱਲੋਂ ਐੱਸ. ਪੀ. (ਡੀ) ਤੇ ਜਸਪਾਲ ਸਿੰਘ ਡੀ.ਐੱਸ.ਪੀ. (ਡੀ) ਦੀ ਅਗਵਾਈ ਹੇਠ ਐੱਸ ਆਈ ਕੁਲਬੀਰ ਚੰਦ ਇੰਚਾਰਜ ਸੀ.ਆਈ.ਏ. ਮਲੋਟ ਤੇ ਪੁਲਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ ਚੋਰੀ ਦੀ ਅਲਟੋ ਕਾਰ ਤੇ 8 ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਗਿਆ।

ਜ਼ਿਲ੍ਹਾ ਪੁਲਸ ਮੁਖੀ ਭਾਗੀਰਥ ਸਿੰਘ ਮੀਨਾ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ 11 ਅਪ੍ਰੈਲ ਨੂੰ ਪੁਲਸ ਪਾਰਟੀ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਜੀ. ਟੀ. ਰੋਡ ਮਲੋਟ ਤੋਂ ਦਾਨੇਵਾਲਾ ਕੋਲ ਮੌਜੂਦ ਸੀ ਤਾਂ ਖਾਸ ਮੁਖਬਰ ਨੇ ਇੱਤਲਾਹ ਦਿੱਤੀ ਕਿ ਦੀਪਕ ਕੁਮਾਰ ਉਰਫ ਦੀਪੂ ਪੁੱਤਰ ਈਸ਼ਵਰ ਚੰਦ ਵਾਸੀ ਸਰਾਭਾ ਨਗਰ ਮਲੋਟ, ਜੋ ਚੋਰੀਆਂ ਕਰਨ ਦਾ ਆਦੀ ਹੈ ਤੇ ਉਹ ਚੋਰੀ ਦੀ ਕਾਰ ਵਿੱਚ ਘੁੰਮ ਰਿਹਾ ਹੈ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ, ਬਰਖਿਲਾਫ ਦੀਪਕ ਕੁਮਰ ਉਰਫ ਦੀਪੂ ਉੱਕਤ ਤੇ ਥਾਣਾ ਸਿਟੀ ਮਲੋਟ ਵਿਖੇ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ।ਤਫਤੀਸ਼ ਦੌਰਾਨ ਪੁਲਸ ਵੱਲੋਂ ਦੀਪਕ ਕੁਮਾਰ ਉਰਫ ਦੀਪੂ ਨੂੰ ਚੋਰੀ ਦੀ ਅਲਟੋ ਕਾਰ ਰੰਗ ਚਿੱਟਾ ਨੰਬਰ ਐੱਚ ਆਰ 24 ਐੱਫ 3406 ਸਮੇਤ ਗ੍ਰਿਫਤਾਰ ਕੀਤਾ ਗਿਆ।ਮੁੱਢਲੀ ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਉਸ ਨੇ ਵੱਖ ਵੱਖ ਕੰਪਨੀਆਂ ਦੇ 8 ਮੋਟਰਸਾਈਕਲ ਚੋਰੀ ਕਰਕੇ ਲੁਕਾਅ ਕੇ ਰੱਖੇ ਹਨ, ਜਿਸ ਦੀ ਨਿਸ਼ਾਨਦੇਹੀ 'ਤੇ ਪੁਲਸ ਵੱਲੋਂ 8 ਮੋਟਰਸਾਈਕਲ ਬ੍ਰਾਮਦ ਕਰਵਾਏ ਗਏ।ਮੁਲਜ਼ਮ ਦੀਪਕ ਕੁਮਾਰ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ ਤੇ ਹੋਰ ਵੀ ਖੁਲਾਸੇ ਹੋਣ ਦੀ ਸਭਾਵਨਾ ਹੈ।

ਸਾਈਲੋਜ਼ ਦੇ ਵਿਰੋਧ 'ਚ ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਧਰਨਾ

ਮਾਨਸਾ (ਆਤਮਾ ਸਿੰਘ ਪਮਾਰ)

ਪੰਜਾਬ ਵਿੱਚ ਕਾਰਪੋਰੇਟ ਘਰਾਣਿਆਂ ਦੀ ਅਨਾਜ ਦੀ ਸਾਂਭ ਸੰਭਾਲ ਲਈ ਬਣਾਏ ਸਾਈਲੋਜ਼ ਨੂੰ ਜਬਤ ਕਰਨ ਤੇ ਹੋਰ ਸਾਈਲੋਜ਼ ਦੀ ਉਸਾਰੀ 'ਤੇ ਤੁਰੰਤ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਮਾਨਸਾ ਦੀ ਅਗਵਾਈ ਹੇਠ ਕਿਸਾਨਾਂ, ਮਜ਼ਦੂਰਾਂ, ਔਰਤਾਂ ਨੇ ਡਿਪਟੀ ਕਮਿਸ਼ਨਰ ਮਾਨਸਾ ਦੇ ਦਫਤਰ ਨੇੜੇ ਧਰਨਾ ਦੇ ਕੇ ਪੰਜਾਬ ਸਰਕਾਰ ਤੋਂ ਇਹ ਜ਼ੋਰਦਾਰ ਮੰਗ ਕੀਤੀ।ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਜੋ ਕੇਂਦਰ ਦੀ ਮੋਦੀ ਹਕੂਮਤ ਖੇਤੀ ਵਿਰੋਧੀ ਕਾਨੂੰਨ ਲੈ ਕੇ ਆਈ ਸੀ, ਉਸ ਵਿੱਚ ਵੀ ਸਰਕਾਰੀ ਮੰਡੀਆਂ ਤੋੜਨ ਤੇ ਕਾਰਪੋਰੇਟ ਘਰਾਣਿਆਂ ਨੂੰ ਆਪਣੀਆਂ ਮੰਡੀਆਂ ਸਥਾਪਤ ਕਰਨ, ਅਨਾਜ ਭੰਡਾਰ ਕਰਨ ਦੀ ਖੁੱਲ੍ਹ ਦੇਣਾ ਸ਼ਾਮਲ ਸੀ, ਜਿਸ ਨੂੰ ਰੱਦ ਕਰਵਾਉਣ ਲਈ ਸਵਾ ਸਾਲ ਚੱਲੇ ਸੰਘਰਸ਼ ਵਿੱਚ 750 ਕਿਸਾਨਾਂ ਨੇ ਆਪਣੀਆਂ ਜਾਨਾਂ ਦਿੱਤੀਆਂ, ਪਰ ਉਹੀ ਕੰਮ ਪੰਜਾਬ ਸਰਕਾਰ ਕਰ ਰਹੀ ਹੈ।ਪਹਿਲਾਂ 26 ਮੰਡੀਆਂ ਤੋੜ ਕੇ ਸਾਈਲੋਜ਼ ਨੂੰ ਖਰੀਦ ਕੇਂਦਰ ਘੋਸ਼ਿਤ ਕੀਤਾ ਗਿਆ, ਜਿਸ ਨੂੰ ਕਿਸਾਨਾਂ ਦੇ ਸੰਘਰਸ਼ ਸਦਕਾ ਇੱਕ ਵਾਰ ਸਰਕਾਰ ਨੇ ਵਪਸ ਲੈ ਲਿਆ ਹੈ, ਪਰ ਕਿਸੇ ਨਾ ਕਿਸੇ ਬਹਾਨੇ ਇਸ ਨੀਤੀ ਨੂੰ ਹਰ ਅੱਗੇ ਤੋਰਨ ਲਈ ਕਦਮ ਵਧਾਏ ਜਾ ਰਹੇ ਹਨ, ਜਿਸ ਤਹਿਤ 14 ਹੋਰ ਵੱਡੇ ਸਾਈਲੋਜ਼ ਉਸਾਰਨ ਦੀ ਮਨਜ਼ੂਰੀ ਪੰਜਾਬ ਸਰਕਾਰ ਅਡਾਨੀਆਂ, ਅੰਬਾਨੀਆਂ ਨੂੰ ਦੇਣ ਜਾ ਰਹੀ ਹੈ। ਅਸਲ ਵਿੱਚ ਅਜਿਹਾ ਕਰਕੇ ਸਰਕਾਰ ਪੰਜਾਬ ਮੰਡੀ ਬੋਰਡ ਦਾ ਖਾਤਮਾ ਕਰਕੇ ਜਿਣਸਾਂ ਦੀ ਐੱਮ.ਐੱਸ.ਪੀ. ਤੇ ਸਰਕਾਰੀ ਖਰੀਦ ਦਾ ਭੋਗ ਪਾਉਣਾ ਚਾਹੁੰਦੀ ਹੈ, ਜਿਸ ਨਾਲ ਕਿਸਾਨਾਂ ਦੀ ਆਰਥਿਕ ਹਾਲਤ ਹੋਰ ਮੰਦੀ ਹੋਵੇਗੀ।ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਲੱਖਾਂ ਮਜ਼ਦੂਰ, ਜੋ ਮੰਡੀਆਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦਾ ਕੰਮ ਤੇ ਅਨਾਜ ਦੀ ਢੋਆ-ਢੁਆਈ ਕਰਨ ਵਾਲੇ ਟਰੱਕ ਓਪਰੇਟਰਾਂ ਦਾ ਧੰਦਾ ਖਤਮ ਹੋਵੇਗਾ।ਕਿਸਾਨ ਆਗੂ ਨੇ ਚਿਤਾਵਨੀ ਦਿੱਤੀ ਕਿ ਸਰਕਾਰ ਦੀਆਂ ਅਜਿਹੀਆਂ ਨੀਤੀਆਂ ਜੋ ਸੰਸਾਰ ਵਪਾਰ ਸੰਗਠਨ ਦੀਆਂ ਹਦਾਇਤਾਂ ਅਨੁਸਾਰ ਲਿਆਂਦੀਆਂ ਜਾ ਰਹੀਆਂ ਹਨ, ਨੂੰ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।ਇਸ ਮੌਕੇ ਇੰਦਰਜੀਤ ਸਿੰਘ ਝੱਬਰ, ਜੋਗਿੰਦਰ ਸਿੰਘ ਦਿਆਲਪੁਰਾ, ਜਗਸੀਰ ਸਿੰਘ ਜਵਾਹਰਕੇ, ਭੋਲਾ ਸਿੰਘ ਮਾਖਾ, ਬਲਵੰਤ ਸਿੰਘ ਰੜ, ਜਸਵਿੰਦਰ ਕੌਰ ਝੇਰਿਆਂਵਾਲੀ, ਸਰੋਜ ਰਾਣੀ ਦਿਆਲਪੁਰਾ, ਨਰਿੰਦਰ ਕੌਰ ਆਹਲੂਪੁਰ ਨੇ ਵੀ ਸੰਬੋਧਨ ਕੀਤਾ।

ਪਾਲੀ ਦੀ ਬਰਸੀ ਮੌਕੇ ਇਨਕਲਾਬੀ ਲਹਿਰ ਅੱਗੇ ਵਧਾਉਣ ਦਾ ਸੱਦਾ

ਭੀਖੀ (ਧਰਮਵੀਰ ਸ਼ਰਮਾ)-ਕਾ. ਰਸ਼ਪਾਲ ਪਾਲੀ ਦੀ ਛੇਵੀਂ ਬਰਸੀ 'ਤੇ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ 'ਭਾਜਪਾ ਹਰਾਓ, ਦੇਸ਼ ਬਚਾਓ, ਸੰਵਿਧਾਨ ਬਚਾਓ' ਦਾ ਸੱਦਾ ਦਿੱਤਾ ਗਿਆ।ਸਭਾ ਨੂੰ ਪਾਰਟੀ ਦੇ ਸੂਬਾ ਆਗੂ ਕਾ. ਸੁਖਦਰਸ਼ਨ ਨੱਤ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਤਿਹਾਸ ਵਿੱਚ ਵੀ ਫਾਸ਼ੀਵਾਦੀ ਹੁਕਮਰਾਨ ਹੋਏ ਤੇ ਉਸ ਰੁਝਾਣ ਵੱਲ ਮੋਦੀ, ਬੀਜੇਪੀ ਵੀ ਨਹੀਂ ਬਲਕਿ ਮੋਦੀ ਤੇ ਅਮਿਤ ਸ਼ਾਹ ਦਾ ਗੱਠਜੋੜ ਸਭ ਕੁਝ ਆਪਣੀ ਮੁੱਠੀ ਵਿੱਚ ਕਰਨ 'ਤੇ ਲੱਗਿਆ ਹੋਇਆ ਹੈ ਤਾਂ ਜੋ ਸਾਡੇ ਸਾਰੇ ਸੰਵਿਧਾਨਕ ਹੱਕ ਤੇ ਲੋਕਾਂ ਦਾ ਸਾਰੇ ਅਧਿਕਾਰ ਖਤਮ ਕਰਕੇ ਸਿਰਫ ਤਾਨਾਸ਼ਾਹੀ ਵੱਲ ਵੱਧ ਰਹੇ ਹਨ, ਜਿਸ ਨੂੰ ਰੋਕਣਾ ਸਮੇਂ ਦੀ ਮੁੱਖ ਲੋੜ ਹੈ ਤੇ ਇਸ ਲਈ ਸਾਨੂੰ ਆਪਣੇ ਵੱਖ ਵੱਖ ਮੱਤਭੇਦਾਂ ਨੂੰ ਲਾਂਭੇ ਰੱਖਦੇ ਹੋਏ ਇੱਕ ਵਾਰ ਦੇਸ਼ ਨੂੰ ਬਚਾਉਣ ਲਈ ਅੱਗੇ ਆਉਣ ਦੀ ਲੋੜ ਹੈ।ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਆਗੂ ਗੁਰਨਾਮ ਭੀਖੀ ਤੇ ਜ਼ਿਲ੍ਹਾ ਆਗੂ ਭੋਲਾ ਸਿੰਘ ਸਮਾਉਂ ਨੇ ਪਾਲੀ ਦੇ ਨਾਲ ਬਿਤਾਏ ਪਲਾਂ ਦੇ ਤਜਰਬੇ ਸਾਂਝੇ ਕਰਦਿਆਂ ਉਨ੍ਹਾਂ ਦੇ ਵਿਚਾਰਾਂ ਨੂੰ ਅੱਗੇ ਵਧਾਉਣ, ਸੰਘਰਸ਼ਾਂ ਦੀ ਮਜ਼ਬੂਤੀ ਤੇ ਲੋਕ ਵਿਰੋਧੀ ਸਰਕਾਰ ਨੂੰ ਹਟਾਉਣ ਸੱਦਾ ਦਿੱਤਾ।ਸਭਾ ਨੂੰ ਸੀ ਪੀ ਆਈ ਦੇ ਰੂਪ ਸਿੰਘ ਢਿੱਲੋਂ, ਕਰਨੈਲ ਸਿੰਘ, ਸਕੂਲ ਕਮੇਟੀ ਦੇ ਰਾਮ ਸਿੰਘ, ਮਜ਼ਦੂਰ ਮੁਕਤੀ ਮੋਰਚਾ ਦੇ ਰਘਵੀਰ ਤੋਂ ਇਲਾਵਾ ਹਰਭਗਵਾਨ ਭੀਖੀ, ਦਰਸ਼ਨ ਸਿੰਘ ਟੇਲਰ, ਯਸ਼ਵੰਤ ਮੱਤੀ ਆਦਿ ਨੇ ਵੀ ਸੰਬੋਧਨ ਕੀਤਾ।

ਨਵਯੁੱਗ ਸਾਹਿਤ ਕਲਾ ਮੰਚ ਦੇ ਪ੍ਰਧਾਨ ਭੁਪਿੰਦਰ ਫ਼ੌਜੀ ਨੇ ਪਾਲੀ ਦੇ ਜੀਵਨ 'ਤੇ ਝਾਤ ਪੁਆ ਕੇ ਸਾਰੇ ਪ੍ਰੋਗਰਾਮ ਦੀ ਜ਼ਿੰਮੇਵਾਰੀ ਸਾਂਭੀ।ਅਖੀਰ ਪਾਰਟੀ ਸਕੱਤਰ ਧਰਮ ਪਾਲ ਨੀਟਾ ਨੇ ਇਨਕਲਾਬੀ ਲਹਿਰ ਅੱਗੇ ਵਧਾਉਣ ਦਾ ਸੱਦਾ ਦਿੰਦੇ ਹੋਏ ਸ਼ਰਧਾਂਜਲੀ ਭੇਟ ਕਰਨ ਪੁਹੰਚੇ ਸਭ ਸੱਜਣਾਂ ਦਾ ਧੰਨਵਾਦ ਕੀਤਾ।ਫੋਟੋ-ਬਰਸੀ ਮੌਕੇ ਸੰਬੋਧਨ ਕਰਦਾ ਬੁਲਾਰਾ।

ਕਾਤਰਾਂ

ਗੁਰਦੁਆਰਾ ਗੁਰੂ ਨਾਨਕਪੁਰਾ ਵਿਖੇ ਵਿਸਾਖੀ ਸਮਾਗਮ ਅੱਜ

ਜਗਰਾਉਂ (ਸੰਜੀਵ ਅਰੋੜਾ)-ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਖਾਲਸਾ ਪੰਥ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਤ ਧਾਰਮਿਕ ਸਮਾਗਮ 13 ਅਪ੍ਰੈਲ ਨੂੰ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਸੀਨੀਅਰ ਮੀਤ ਪ੍ਰਧਾਨ ਤ੍ਰਿਲੋਕ ਸਿੰਘ ਸਿਡਾਣਾ ਨੇ ਦੱਸਿਆ ਕਿ ਵਿਸਾਖੀ ਨੂੰ ਸਮਰਪਤ ਧਾਰਮਿਕ ਸਮਾਗਮ 13 ਅਪ੍ਰੈਲ ਨੂੰ ਸਵੇਰੇ 8 ਤੋਂ 10.30 ਵਜੇ ਹੋਣਗੇ। ਉਨ੍ਹਾ ਦੱਸਿਆ ਕਿ ਅੱਜ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਹਨ, ਜਿਨ੍ਹਾਂ ਦੇ ਭੋਗ 13 ਅਪ੍ਰੈਲ ਨੂੰ ਪਾਏ ਜਾਣਗੇ। ਉਪਰੰਤ ਕੀਰਤਨ ਦਰਬਾਰ ਹੋਵੇਗਾ, ਜਿਸ 'ਚ ਗੁਰਦੁਆਰਾ ਸਾਹਿਬ ਦੇ ਕੀਰਤਨੀਏ ਜਥੇ ਤੋਂ ਇਲਾਵਾ ਕਥਾ ਵਾਚਕ ਗਿਆਨੀ ਸਹਿਜਪ੍ਰੀਤ ਸਿੰਘ ਦੌਧਰ ਵਾਲੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਜ਼ਿਲ੍ਹੇ ਦੇ ਸੇਵਾ ਮੁਕਤ ਕਰਮਚਾਰੀਆਂ ਦੀ ਨਿਰੋਲ ਗੈਰ-ਰਾਜਨੀਤਕ ਸੰਸਥਾ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 13 ਅਪ੍ਰੈਲ ਨੂੰ ਸਥਾਨਕ ਕੋਟਕਪੂਰਾ ਰੋਡ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਸਵੇਰੇ 10:00 ਵਜੇ ਕੀਤੀ ਜਾਵੇਗੀ।ਮੀਟਿੰਗ ਦੀ ਪ੍ਰਧਾਨਗੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਕਰਨਗੇ।ਸਟੇਜ ਦਾ ਸੰਚਾਲਨ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਕਰਨਗੇ।ਇਥੇ ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਗਦੀਸ਼ ਰਾਏ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੇਵਾ ਮੁਕਤ ਕਰਮਚਾਰੀਆਂ ਦੇ ਮਾਨਯੋਗ ਅਦਾਲਤਾਂ ਵਿੱਚ ਪੈਂਡਿੰਗ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਸੇਵਾ ਮੁਕਤ ਕਰਮਚਾਰੀਆਂ ਦੀ ਪੁਰਾਣੀਆਂ ਮੰਗਾਂ ਬਾਰੇ ਗੱਲਬਾਤ ਵੀ ਕੀਤੀ ਜਾਵੇਗੀ।ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਜ਼ਿਲ੍ਹੇ ਦੇ ਸਮੂਹ ਸੇਵਾ ਮੁਕਤ ਕਰਮਚਾਰੀਆਂ ਤੇ ਫੈਮਲੀ ਪੈਨਸ਼ਨਰਾਂ ਨੂੰ ਸਮੇਂ-ਸਿਰ ਮੀਟਿੰਗ ਵਿੱਚ ਪਹੁੰਚਣ ਦੀ ਅਪੀਲ ਕੀਤੀ।

ਕਹਾਣੀ ਸੰਗ੍ਰਹਿ 'ਵਿਰਾਸਤੀ ਸਾਂਝ' ਭਲਕੇ ਰਿਲੀਜ਼

ਜਗਰਾਉਂ (ਸੰਜੀਵ ਅਰੋੜਾ)-ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਤੇ ਮਹਿਫ਼ਿਲ-ਏ-ਅਦੀਬ ਸੰਸਥਾ ਜਗਰਾਉਂ ਵੱਲੋਂ ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਦੇ ਪ੍ਰਧਾਨ ਰਛਪਾਲ ਸਿੰਘ ਚਕਰ ਦਾ ਪਲੇਠਾ ਕਹਾਣੀ ਸੰਗ੍ਰਹਿ 'ਵਿਰਾਸਤੀ ਸਾਂਝ' 14 ਅਪ੍ਰੈਲ ਨੂੰ ਪੁਲਸ ਪੈਨਸ਼ਨਰ ਵੈੱਲਫੇਅਰ ਭਵਨ ਜਗਰਾਉਂ ਵਿਖੇ ਸਵੇਰੇ 10 ਵਜੇ ਲੋਕ ਅਰਪਣ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ ਨੇ ਦੱਸਿਆ ਕਿ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਤੇ ਮੁੱਖ ਸਲਾਹਕਾਰ ਡਾ: ਬਲਦੇਵ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਦੀ ਅਗਵਾਈ ਵਿੱਚ ਹੋ ਰਹੇ ਇਸ ਲੋਕ ਅਰਪਣ ਸਮਾਗਮ ਵਿੱਚ ਨਾਵਲਕਾਰ ਮਿੱਤਰ ਸੈਨ ਮੀਤ, ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ, ਖੇਡ ਲੇਖਕ ਪ੍ਰਿ: ਬਲਵੰਤ ਸਿੰਘ ਸੰਧੂ, ਸਾਹਿਤ ਸਭਾ ਜਗਰਾਉਂ ਦੇ ਪ੍ਰਧਾਨ ਤੇ ਅਲੋਚਕ ਪ੍ਰੋ: ਕਰਮ ਸਿੰਘ ਸੰਧੂ, ਪ੍ਰੋ: ਪ੍ਰੀਤਮ ਸਿੰਘ ਚੀਮਾ ਤੇ ਅਲੋਚਕ ਐੱਚ. ਐੱਸ. ਡਿੰਪਲ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਪੁਸਤਕ ਲੋਕ ਅਰਪਣ ਦੀ ਰਸਮ ਨਿਭਾਉਣਗੇ। ਇਸ ਤੋਂ ਇਲਾਵਾ ਉੱਘੀ ਲੇਖਿਕਾ ਸ੍ਰੀਮਤੀ ਬੇਅੰਤ ਕੌਰ ਮੋਗਾ ਦਾ ਦੋਨੋਂ ਸਭਾਵਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

ਆੜ੍ਹਤੀ ਯੂਨੀਅਨ ਦੀ ਅਹਿਮ ਮੀਟਿੰਗ

ਬੁਢਲਾਡਾ (ਅਸ਼ੋਕ ਲਾਕੜਾ)-ਆੜ੍ਹਤੀ ਯੂਨੀਅਨ ਬੁਢਲਾਡਾ ਦੀ ਇੱਕ ਭਰਵੀਂ ਮੀਟਿੰਗ ਪ੍ਰਧਾਨ ਰਾਜਿੰਦਰ ਸਿੰਘ ਕੋਹਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਆਉਣ ਵਾਲੇ ਕਣਕ ਦੇ ਸੀਜ਼ਨ ਸੰਬੰਧੀ ਵਿਚਾਰ ਚਰਚਾ ਹੋਈ।ਜ਼ਿਲ੍ਹਾ ਪ੍ਰਧਾਨ ਪ੍ਰੇਮ ਸਿੰਘ ਦੋਦੜਾ ਨੇ ਆੜ੍ਹਤੀਆਂ ਦੀਆਂ ਦਿੱਕਤਾਂ ਤੇ ਉਸ ਦੇ ਹੱਲ ਦੱਸੇ, ਕੁੱਝ ਮਤੇ ਪਾਏ ਗਏ, ਜਿਸ 'ਤੇ ਸਾਰੇ ਆੜ੍ਹਤੀਆਂ ਨੇ ਸਹਿਮਤੀ ਪ੍ਰਗਟਾਈ। ਵੋਟਾਂ ਬਾਰੇ ਵੀ ਚਰਚਾ ਹੋਈ।ਇਸ ਮੌਕੇ ਹਰਵਿੰਦਰ ਸਿੰਘ ਸੋਖੋਂ, ਪਵਨ ਨੇਵਟੀਆ, ਭੁਰੀਆ, ਰੂਬਲ ਤੇ ਸਾਧੂ ਰਾਮ ਨੇ ਆਪਣੇ ਵਿਚਾਰ ਦਿੱਤੇ।ਮੀਟਿੰਗ ਵਿੱਚ ਹਾਜ਼ਰੀਨ ਵਿਕਾਸ ਕੁਮਾਰ ਵਿੱਕੀ, ਰਾਜ ਕੁਮਾਰ ਬੀਰੋਕੇ, ਅਮਰਜੀਤ ਗੁਲਿਆਨੀ, ਰਾਜਿੰਦਰ ਸਿੰਘ ਚਿੰਤੂ ਜਿੰਦਰ ਬੀਰੋਕੇ, ਰਾਮ ਸ਼ਰਨ, ਰਾਜ ਬੋੜਾਵਾਲੀਆ, ਗਿਆਨ ਚੰਦ, ਬਲਜੀਤ ਸਿੰਘ ਤੇ ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆੜ੍ਹਤੀ ਮੌਜੂਦ ਸਨ।

ਲਾਹਣ ਬਰਾਮਦਗੀ ਮਾਮਲੇ 'ਚ ਦੋ ਗ੍ਰਿਫਤਾਰ

ਸ੍ਰੀ ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਸੀ ਪਠਾਣਾਂ ਪੁਲਸ ਵੱਲੋਂ ਪਿੰਡ ਡਡਿਆਣਾ ਦੇ ਇੱਕ ਘਰ 'ਚੋਂ 95 ਲੀਟਰ ਲਾਹਣ ਬਰਾਮਦ ਕੀਤੇ ਜਾਣ ਦਾ ਸਮਾਚਾਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਬਸੀ ਪਠਾਣਾਂ ਦੇ ਸਹਾਇਕ ਥਾਣੇਦਾਰ ਨਰੇਸ਼ ਕੁਮਾਰ ਨੂੰ ਮੁਖਬਰੀ ਮਿਲੀ ਸੀ ਕਿ ਪਰਮਜੀਤ ਸਿੰਘ ਉਰਫ ਰੂਰਟ ਤੇ ਮੇਜਰ ਸਿੰਘ ਵਾਸੀਆਨ ਪਿੰਡ ਡਡਿਆਣਾ ਸ਼ਰਾਬ ਕਸੀਦ ਕਰਕੇ ਵੇਚਣ ਅਤੇ ਪੀਣ ਦੇ ਆਦੀ ਹਨ, ਜਿਨ੍ਹਾਂ ਨੇ ਪਰਮਜੀਤ ਸਿੰਘ ਦੇ ਘਰ 'ਚ ਲਾਹਣ ਦਾ ਢੋਲ ਦੱਬਿਆ ਹੋਇਆ ਹੈ।ਸੂਚਨਾ ਮਿਲਣ 'ਤੇ ਸਹਾਇਕ ਥਾਣੇਦਾਰ ਨਰੇਸ਼ ਕੁਮਾਰ ਵੱਲੋਂ ਸਮ

page-6-00-Apri.-2024.qxd 4/12/2024 11:13 PM Page 1

ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਤਿੰਨ ਦਿਨਾ ਖੇਡ ਮੇਲਾ ਆਰੰਭ

ਟਾਂਡਾ ਉੜਮੁੜ। (**ਉਂਕਾਰ ਸਿੰਘ ਜਸਵਿੰਦਰ ਸੰਧ**)- ਵਿਦਿਆਰਥੀ ਜੀਵਨ ਵਿੱਚ ਖੇਡਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ ਪੜ੍ਹਾਈ ਦੇ ਨਾਲ ਨਾਲ ਜੇਕਰ ਬੱਚਿਆਂ ਨੂੰ ਖੇਡਾਂ ਨਾਲੋਂ ਅਲੱਗ ਰੱਖਿਆ ਜਾਵੇਗਾ ਤਾਂ ਉਹ ਅਨੁਸ਼ਾਸਨਹੀਨ ਹੋ ਜਾਣਗੇ ਇਸੇ ਲਈ ਇਹ ਮੰਨਿਆ ਜਾਂਦਾ ਹੈ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਮਹੱਤਵਪੂਰਨ ਹਿੱਸਾ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਿੰਸੀਪਲ ਸ਼ਾਰਧਾ ਦੱਤ ਨੇ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਵਿਖੇ ਆਰੰਭ ਹੋਈਆਂ ਤਿੰਨ ਦਿਨਾਂ ਖੇਡਾਂ ਦੇ ਉਦਘਾਟਨ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਕੀਤੇ। ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਸਰਪਰਸਤੀ ਹੇਠ ਕਰਵਾਈਆਂ ਜਾ ਰਹੀਆਂ ਇਹ ਤਿੰਨ ਦਿਨਾਂ ਖੇਡਾਂ ਵਿੱਚ ਸਕੂਲ ਵਿਦਿਆਰਥੀ ਵੱਧ ਚੜ ਕੇ ਹਿੱਸਾ ਲੈ ਰਹੇ ਹਨ ਅਤੇ ਸਕੂਲ ਦੇ ਚਾਰੇ ਹਾਊਸਾਂ ਦੇ ਫਸਵੇਂ ਮੁਕਾਬਲੇ ਵੇਖਣ ਨੂੰ ਮਿਲਣਗੇ। ਪ੍ਰਿੰਸੀਪਲ ਸ਼ਾਰਧਾ ਦੱਤ ਨੇ ਆਪਣੇ ਸੰਬੋਧਨ ਵਿੱਚ ਹੋਰ ਕਿਹਾ ਕਿ ਉਹਨਾਂ ਦੇ ਸਕੂਲ ਨੇ ਹਮੇਸ਼ਾ ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਖੇਡਾਂ ਵਿੱਚ ਹਿੱਸਾ ਲੈ ਕੇ ਵੱਡੇ ਮਾਨ ਹਾਸਲ ਕੀਤੇ ਹਨ ਅਤੇ ਇਸੇ ਤਰ੍ਹਾਂ ਪੜ੍ਹਾਈ ਵਿੱਚ ਵੀ ਉਹਨਾਂ ਦੇ ਬੀਤੇ 13 ਸਾਲਾਂ ਤੋਂ ਬੋਰਡ ਕਲਾਸਾਂ ਦੇ ਨਤੀਜੇ 100 ਫੀਸਦੀ ਰਹੇ ਹਨ ਜੋ ਕਿ ਸਕੂਲ ਦੀ ਵੱਡੀ ਪ੍ਰਾਪਤੀ ਹੈ। ਖੇਡਾਂ ਦੇ ਪਹਿਲੇ ਦਿਨ ਵਾਲੀਬਾਲ, ਖੋ ਖੋ, ਬਿਡਮਿੰਟਨ ਦੇ ਮੁਕਾਬਲੇ ਕਰਵਾਏ ਅਤੇ ਇਸ ਦੇ ਨਾਲ ਨਾਲ ਇਨਡੋਰ ਖੇਡਾਂ ਵਿੱਚ ਸ਼ਤਰੰਜ ਟੇਬਲ ਟੈਨਸ ਅਤੇ ਕੈਰਮ ਦੇ ਮੁਕਾਬਲੇ ਹੋਏ। ਪਹਿਲੇ ਦਿਨ ਹੋਏ ਇਹਨਾਂ ਮੁਕਾਬਲਿਆਂ ਵਿੱਚ ਖਾਲਸਾ ਹਾਊਸ ਦੇ ਵਿਦਿਆਰਥੀਆਂ ਦਾ ਵਧੀਆ ਪ੍ਰਦਰਸ਼ਨ ਰਿਹਾ। ਕੋਚ ਅੰਜੂ ਬਾਲਾ ਅਤੇ ਮੈਡਮ ਜਸਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਉਹਨਾਂ ਨੂੰ ਖੇਡ ਗੁਣਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਸਟਾਫ ਵਿੱਚ ਮੈਡਮ ਜਸਵੀਰ ਕੌਰ, ਪਰਮਜੀਤ ਕੌਰ, ਦਮਨਜੀਤ ਕੌਰ, ਡਿੰਪਲ, ਕਮਲਜੀਤ ਕੌਰ, ਰਾਜਵਿੰਦਰ ਕੌਰ, ਤਰਨਜੀਤ ਕੌਰ ਅਤੇ ਹੋਰ ਹਾਜ਼ਰ ਸਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਮਹਾਂ ਸਿੰਘ ਰਸੂਲਪੁਰ ਪੀ.ਏ.ਸੀ ਮੈਂਬਰ ਨਿਯੁਕਤ

ਫਿਲੌਰ, (ਨਿਰਮਲ)- ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਹਲਕਾ ਫਿਲੌਰ ਦੇ ਮਹਾਂ ਸਿੰਘ ਰਸੂਲਪੁਰ ਸੀਨੀਅਰ ਆਗੂ ਨੂੰ ਸ਼੍ਰੋਮਣੀ ਅਕਾਲੀ ਦਲ ਰਾਜਸੀ ਮਾਮਲਿਆਂ ਬਾਰੇ ਕਮੇਟੀ (ਪੀ.ਏ.ਸੀ) ਮੈਂਬਰ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਲਈ ਉਨ੍ਹਾਂ ਹਾਈਕਮਾਂਡ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੋ ਪਾਰਟੀ ਹਾਈਕਮਾਨ ਵੱਲੋਂ ਉਨ੍ਹਾਂ ਨੂੰ ਜ਼ਿਮੇਵਾਰੀ ਮਿਲੀ ਹੈ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਅਮਰਜੀਤ ਸਿੰਘ, ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਕਰਤਾਰਪੁਰ, ਜਲੰਧਰ।

ਕੇਸ ਅਨੁਵਾਨ - ਪਾਲ ਸਿੰਘ ਬਨਾਮ ਸੋਹਨ ਸਿੰਘ ਅਤੇ ਹੋਰ

ਖੇਵਟ ਨੰ:- 470 ਪਿੰਡ - ਸਰਾਏ ਖਾਸ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਪਾਲ ਸਿੰਘ ਪੁੱਤਰ ਸ੍ਰੀ ਸੁਰਜਨ ਸਿੰਘ ਵਾਸੀ ਪਿੰਡ ਸਰਾਏ ਖਾਸ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਵੱਲੋਂ : ਖੇਵਟ ਨੰਬਰ 470/460 ਮਿਨ, 459, 462,463 ਮਿਨ ਖਤੌਨੀ ਨੰਬਰ 545 ਖਸਰਾ ਨੰਬਰ 49//27/1, 49/427/9, 50//6/2, 50//7//2-1, 50//8/4/1, 50//9/2/1, 58//7/2, 58//8/2, 58//9/2, 58//12/2/1, 58//13/1, 58//14/1/1, 72//25/1

ਨੋਟਿਸ ਬਨਾਮ :-

1. ਗੁਰਸ਼ਰਨ ਸਿੰਘ ਸੰਧੂ ਪੁੱਤਰ ਲੇਟ ਸੋਹਨ ਸਿੰਘ, 2. ਗੁਰਜੀਤ ਕੌਰ ਪਤਨੀ ਮਨਜੀਤ ਸਿੰਘ ਪੁੱਤਰ ਸੋਹਨ ਸਿੰਘ, 3. ਰਵਿਵਰ ਕੌਰ ਪਤਨੀ ਮਨਵੀਰ ਸਿੰਘ ਪੁੱਤਰ ਸੋਹਨ ਸਿੰਘ, 4. ਸੁਖਵੀਰ ਕੌਰ ਪਤਨੀ ਜਸਪਾਲ ਸਿੰਘ ਪੁੱਤਰੀ ਸੋਹਨ ਸਿੰਘ ਵਾਸੀਆਨ ਸਰਾਏ ਖਾਸ।

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 30.04.2024 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 09/04/2024 ਨੂੰ ਮੇਰੇ ਦਸਤਖਤਾਂ ਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ
ਦਰਜਾ ਅੱਵਲ ਕਰਤਾਰਪੁਰ, ਜਲੰਧਰ।
ਨੰ: 440/ਰੀਡਰ ਮਿਤੀ : 09.04.2024

COURT NOTICE

(U/o 5 Rule 20 CPC)
In the Court of Ms. Renuka Kalra
Civil Judge (Junior Division)-18, Jalandhar
CNR No. PBJL02-005830-2022
Next Date :- 17-05-2024
Punjab and Sind Bank, A Bodu Corporate Constituted Under Banking Companies (Acquistions and Transfer of undertaking) Act, 1980 having its Head Office at Bank House, 21, Rajindera Palace, New Delhi, and having its Amongst others Branches a Branch at Adda Hoshiarpur, Jalandhar through its Branch Manager and duly Constituted and Authorized Signatory.
Vs.
Deepak S/o Ashok Kumar R/o H. No. 2843/3, Banian Mohalla, Kartarpur, Jalandhar. Also at : Ashok Fruti Shop at Railway Road, Near Janta College, Kartarpur.
Suit for grant of decree for recovery of Rs. 237314/- alongwith interest as prayed for
Publication Issued to :
Deepak Father : Ashok Kumar R/o H. No. 2843/3, Banian Mohalla, Kartarpur, Jalandhar. Also at : Ashok Fruti Shop at Railway Road, Near Janta College, Kartarpur.
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 17.05.2024 at 10:00 A.M.
Civil Judge (Junior Division)-18, Jalandhar
Dated this day of 11.04.2024

COURT NOTICE

(U/o 5 Rule 20 CPC)
In the Court of Ms. Prabhjot Kaur
Additional Civil Judge (Senior Division), Hoshiarpur
CNR No. PBHO02-000731-2023
Next Date :- 25-05-2024
Mohinder Singh S/o Amolak Singh R/o Village Khadiala Sainian, Tehsil and Distt. Hoshiarpur.
.....Plaintiff
Vs.
Harvinder Singh S/o Sarwan Singh R/o Village Khadiala Sainian, Tehsil and Distt. Hoshiarpur and other.
....Defendants
Suit for Declaration
Publication Issued to :
Jeet Singh S/o Amolak Singh R/o Village Khadiala Sainian, Tehsil and Distt. Hoshiarpur.
In above titled case, the defendant(s)/ respondent(s) could not be served. It is ordered that defendant (s)/ respondent (s) should appear in person or through counsel on 23.05.2024 at 10:00 A.M.
For details logon to https://highcourtchd.gov.in/?trs=district_notice&district=Hoshiarpur
Additional Civil Judge (Senior Division), Hoshiarpur
Dated this day of 10-04-2024

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਰੁਪਿੰਦਰਪਾਲ ਸਿੰਘ ਬੱਲ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਭਿੱਖੀਵਿੰਡ, ਜ਼ਿਲ੍ਹਾ ਤਰਨ ਤਾਰਨ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਨੱਥਾ ਸਿੰਘ ਵਾਸੀ 738 ਵਾਰਡ ਨੰਬਰ 10 ਭੁੱਲਰਾਂ ਦਾ ਮੁਹੱਲਾ, ਪੱਟੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਪਾਸੋਂ ਦਰਖਾਸਤ ਪ੍ਰਾਪਤ ਹੋਈ ਹੈ ਕਿ ਉਸ ਦਾ ਰਕਬਾ ਵਾਕਿਆ ਪਿੰਡ ਕਲਸੀਆਂ ਖੁਰਦ ਵਿਖੇ ਹੈ। ਜਿਸ ਦਾ ਖੇਵਟ ਨੰਬਰ/ਖਤੌਨੀ ਨੰਬਰ 65/31 ਤੋਂ 128 ਕਿਤੇ 50 ਰਕਬਾ 215 ਕਨਾਲ 15 ਮਰਲੇ ਵਿਚ ਮੇਰੇ ਪਿਤਾ ਦਾ ਨਾਂਅ ਹਰਪਾਲ ਸਿੰਘ ਪੁੱਤਰ ਸੁਖਾ ਸਿੰਘ ਪੁੱਤਰ ਨੱਥਾ ਸਿੰਘ ਹੈ, ਜਦ ਕਿ ਸਹੀ ਨਾਂਅ ਉਨ੍ਹਾਂ ਦਾ ਹਰਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਨੱਥਾ ਸਿੰਘ ਹੈ। ਉਨ੍ਹਾਂ ਦੇ ਸਾਰੇ ਦਸਤਾਵੇਜ਼ (ਆਧਾਰ ਕਾਰਡ, ਮੌਤ ਦਾ ਸਰਟੀਫਿਕੇਟ ਅਤੇ ਨਸ਼ਾਖਤੀ ਕਾਰਡ) ਮੁਤਾਬਿਕ ਹਰਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਨੱਥਾ ਸਿੰਘ ਹੈ। ਮਾਲ ਰਿਕਾਰਡ ਵਿਚ ਹਰਪਾਲ ਸਿੰਘ ਪੁੱਤਰ ਸੁੱਖਾ ਸਿੰਘ ਪੁੱਤਰ ਨੱਥਾ ਸਿੰਘ ਦੀ ਜਗ੍ਹਾ 'ਤੇ ਹਰਪਾਲ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਨੱਥਾ ਸਿੰਘ ਦਰੁਸਤ ਕਰਵਾਉਣਾ ਹੈ।

ਇਸ ਲਈ ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਇਸ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ਼ਤਿਹਾਰ ਛਪਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਲਿਖਤੀ ਇਤਰਾਜ਼ ਅਸਾਲਤਨ ਜਾਂ ਵਕਾਲਤਨ ਇਸ ਅਦਾਲਤ ਵਿਚ ਹਾਜ਼ਰ ਆ ਕੇ ਪੇਸ਼ ਕਰ ਸਕਦਾ ਹੈ। ਮਿਥੇ ਸਮੇਂ ਅੰਦਰ ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਪੰਜਾਬ ਸਰਕਾਰ ਮਾਲ ਅਤੇ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ), ਚੰਡੀਗੜ੍ਹ ਦੇ ਮੀਮੋ ਨੰਬਰ 25/78/2012/ਭ.ਮ-2/12445-71 ਮਿਤੀ 26.07.2013 ਦੀਆਂ ਹਦਾਇਤਾਂ ਅਨੁਸਾਰ ਮਾਲ ਰਿਕਾਰਡ ਵਿਚ ਨਾਂਅ ਦਰੁੱਸਤ ਕਰ ਦਿੱਤਾ ਜਾਵੇਗਾ। ਅੱਜ ਇਹ ਨੋਟਿਸ ਮੇਰੇ ਹਸਤਾਖਰ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ: 22 ਮਿਤੀ : 12/4/24

ਸਹੀ/- ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ
ਦਰਜਾ ਪਹਿਲਾ, ਭਿੱਖੀਵਿੰਡ, (ਤਰਨ ਤਾਰਨ)

ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਬਲਬੀਰ ਰਾਜ ਸਿੰਘ, ਪੀ. ਸੀ. ਐੱਸ. ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਆਦਮਪੁਰ

ਕੇਸ ਨੰਬਰ 8/ਅਪੀਲਜ਼/2023
ਕੇਸ ਨੰਬਰ 15/RCMS/ 2023
ਪਾਰਟੀਸ਼ਨ ਅਪੀਲ ਪਿੰਡ ਸਲਾਲਾ
ਕੇਸ ਅਨੁਵਾਨ

ਜਤਿੰਦਰ ਸਿੰਘ ਬਨਾਮ ਸੁਰਿੰਦਰ ਕੌਰ ਆਦਿ

1. ਸੁਰਿੰਦਰ ਕੌਰ ਪੁੱਤਰੀ ਬਖਸ਼ੀਸ਼ ਸਿੰਘ (ਮ੍ਰਤਵਵੀ) ਰਾਹੀਂ ਵਾਰਸ ਗੁਰਿਦਰ ਸਿੰਘ ਪੁੱਤਰ ਰਨਦੀਪ ਸਿੰਘ ਵਾਸੀ 22-ਨਿਊ ਕਾਲੋਨੀ, ਨਿਊ ਮੋਤਾ ਸਿੰਘ ਨਗਰ, ਕੂਲ ਰੋਡ, ਜਲੰਧਰ, 2. ਹਰਬੰਸ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਸਲਾਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, 3. ਸਤਪਾਲ ਕੌਰ ਪਤਨੀ ਲੇਟ ਲਖਵੀਰ ਸਿੰਘ ਵਾਸੀ ਸਲਾਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, 4. ਸਤਪਾਲ ਕੌਰ ਮਾਤਾ ਰਾਜਪਾਲ ਸਿੰਘ ਵਾਸੀ ਸਲਾਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, 5. ਸ਼ਿਵਜੀਤ ਸਿੰਘ ਪੁੱਤਰ ਸਰਦੂਲ ਸਿੰਘ ਵਾਸੀ ਸਲਾਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ, 6. ਸੁਖਰਾਜ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਸਲਾਲਾ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ। .....ਉੱਤਰਵਾਦੀ

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਰਿਸਪੋਡੈਂਟ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 25.04.2024 ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਰਿਸਪੋਡੈਂਟ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਾਰੀਖ ਪੇਸ਼ੀ ਤੇ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਰਿਸਪੋਡੈਂਟ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਤਾਰੀਖ ਪੇਸ਼ੀ ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 27/03/2024 ਨੂੰ ਮੇਰੇ ਦਸਤਖਤਾਂ ਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

(ਦਸਤਖਤ ਹਾਕਮ ਤੇ ਮੋਹਰ ਅਦਾਲਤ)

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ
ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਕੇਸ ਨੰ: 427/ਐੱਫ. ਟੀ. ਸੀ./ਐੱਨ.ਆਰ. ਆਈਜ਼
ਕੇਸ ਅਨੁਵਾਨ - ਸਤਨਾਮ ਸਿੰਘ ਬਨਾਮ ਅਮਰੀਕ ਸਿੰਘ ਅਤੇ ਹੋਰ
ਖੇਵਟ ਨੰ:- 72, 164 ਵਾਕਿਆ ਪਿੰਡ -ਸ਼ੁੱਚੀ ਪਿੰਡ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Satnam Singh aged 71 years son of Shri Sadhu Singh R/o Village Dhadde, PO. Hazara, District Jalandhar also at 2-A Alfred Road, Askern, Donecaster,South Yorkshire DN 60 Pz. (Applicant)

ਬਨਾਮ :-

1. ਅਮਰੀਕ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਢੱਡੇ ਡਾਕਖਾਨਾ ਹਜ਼ਾਰਾ, ਜ਼ਿਲ੍ਹਾ ਜਲੰਧਰ ਹਾਲ ਵਾਸੀ 27 Doncaster Road Workshop, Nottinghamshire S 81, S81 HT England, ਹਰਦਿਆਲ ਸਿੰਘ ਉਰਫ ਗੁਰਦਿਆਲ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ, ਜ਼ਿਲ੍ਹਾ ਜਲੰਧਰ ਹਾਲ ਵਾਸੀ Flat No. 13, Chester Street, Whitmore Reans, Wolver Hampton, England WV6 ORW. 3. ਵੀਰ ਹੋਟਲਸ ਪ੍ਰਾਈਵੇਟ ਲਿਮਟਿਡ, ਬਜਰੀਆ ਬਲਬੀਰ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਖੰਡ ਅਤੇ ਡਾਕਖਾਨਾ ਹਜ਼ਾਰਾ, ਜ਼ਿਲ੍ਹਾ ਜਲੰਧਰ, 4. ਵਿਜੇ ਕੁਮਾਰ ਪੁੱਤਰ ਜੋਗਿੰਦਰ ਪਾਲ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ, ਜ਼ਿਲ੍ਹਾ ਜਲੰਧਰ, 5. ਸੰਤਾ ਸਿੰਘ ਪੁੱਤਰ ਕਨਈਆ ਸਿੰਘ ਪੁੱਤਰ ਨਿਹਾਲਾ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 6. ਮਨਜੀਤ ਕੌਰ ਵਿਧਵਾ ਗੁਰਨਾਮ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 7. ਮਨਜੀਤ ਕੌਰ ਪਤਨੀ ਗੁਰਨਾਮ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 8. ਅੰਮ੍ਰਿਤਪਾਲ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 9. ਕਰਨਦੀਪ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 10. ਗੁਰਬਚਨ ਸਿੰਘ ਪੁੱਤਰ ਸੰਤਾ ਸਿੰਘ ਪੁੱਤਰ ਨੰਦ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 11. ਜਸਵਿੰਦਰ ਸਿੰਘ ਪੁੱਤਰ ਰੋਸ਼ਨ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 12. ਗੁਰਵਿਆਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 13. ਕੁਲਦੀਪ ਕੌਰ ਵਿਧਵਾ ਅਜੀਤ ਸਿੰਘ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ, 14. ਸੁਖਵਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਢੱਡੇ, ਡਾਕਖਾਨਾ ਹਜ਼ਾਰਾ ਜ਼ਿਲ੍ਹਾ ਜਲੰਧਰ। (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 16.04.2024 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹ

13-APRIL-PAGE-7.qxd 4/12/2024 10:51 PM Page 1

ਮਾਮਲਾ ਮਿੱਡ ਡੇ ਮੀਲ ਵਰਕਰ ਦੀ ਮੌਤ ਦਾ

ਸਰਕਾਰ ਪਰਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਯੋਗ ਮੁਆਵਜ਼ਾ ਦੇਵੇ : ਡੀ ਟੀ ਐੱਫ

ਤਲਵੰਡੀ ਸਾਬੋ (ਜਗਦੀਪ ਗਿੱਲ)-ਮਾਛੀਵਾੜਾ ਖ਼ਾਮ ਦੇ ਸਰਕਾਰੀ ਸਕੂਲ ਵਿੱਚ ਮਿੱਡ ਡੇ ਮੀਲ ਵਰਕਰ ਦੀ ਅੱਗ ਨਾਲ ਝੁਲਸ ਜਾਣ ਕਾਰਨ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ, ਸਕੱਤਰ ਜਸਵਿੰਦਰ ਸਿੰਘ ਨੇ ਪੰਜਾਬ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਨ ਵਾਲੇ ਮਿੱਡ ਡੇ ਮੀਲ ਕਰਮੀ ਆਪਣੀ ਜਾਨ ਜੋਖਮ ਵਿੱਚ ਪਾ ਕੇ ਅੱਗ 'ਤੇ ਕੰਮ ਕਰਦੇ ਹਨ, ਪ੍ਰੰਤੂ ਸੂਬੇ ਵਿੱਚ ਵੱਖ ਵੱਖ ਰੰਗਾਂ ਦੀਆਂ ਸਰਕਾਰਾਂ ਵੱਲੋਂ ਮਿਹਨਤਕਸ਼ ਵਰਕਰਾਂ ਦਾ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਭਾਗ ਦੀ ਅਣਗਹਿਲੀ ਕਾਰਨ ਅਜਿਹਾ ਹਾਦਸਾ ਵਾਪਰਿਆ ਹੈ, ਵਿਭਾਗ ਵੱਲੋਂ ਨਾਂਅ ਤਾਂ ਅੱਗ ਬੁਝਾਊ ਯੰਤਰ ਨਿਰੰਤਰ ਸਕੂਲਾਂ ਭੇਜੇ ਗਏ ਤੇ ਨਾ ਹੀ ਦੇਖ-ਭਾਲ ਮਾਹਰਾਂ ਰਾਹੀਂ ਕੀਤੀ ਜਾਂਦੀ ਹੈ।ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ, ਮੀਤ ਪ੍ਰਧਾਨ ਵਿਕਾਸ ਗਰਗ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਖੇਮੂਆਣਾ ਨੇ ਕਿਹਾ ਕਿ 100 ਰੁਪਏ ਔਸਤ ਦਿਹਾੜੀ 'ਤੇ ਕੰਮ ਕਰਨ ਵਾਲੇ ਵਰਕਰਾਂ ਲਈ ਅਜੋਕੇ ਮਹਿੰਗਾਈ ਦੇ ਦੌਰ ਵਿੱਚ ਪਰਵਾਰ ਪਾਲਣਾ ਬੇਹੱਦ ਮੁਸ਼ਕਲ ਹੈ। ਸੂਬਾਈ ਆਗੂਆਂ ਨੇ ਮੰਗ ਕੀਤੀ ਮ੍ਰਿਤਕ ਦੇ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ, ਯੋਗ ਮੁਆਵਜ਼ਾ ਰਾਸ਼ੀ ਤੇ ਸਮੂਹ ਮਿੱਡ ਡੇ ਮੀਲ ਵਰਕਰਾਂ ਨੂੰ ਦਰਜਾ ਚਾਰ ਕਰਮਚਾਰੀਆਂ ਦੇ ਬਰਾਬਰ ਤਨਖਾਹ ਸਕੇਲ ਦੇ ਕੇ ਵਿਭਾਗ ਵਿੱਚ ਪੱਕਾ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਇਨ੍ਹਾਂ ਵਰਕਰਾਂ ਦਾ ਸਰਕਾਰ ਵੱਲੋਂ ਜੀਵਨ ਬੀਮਾ ਕੀਤਾ ਜਾਵੇ, ਗਰਮੀ-ਸਰਦੀ ਦੇ ਮੌਸਮ ਦੀਆਂ ਦੋ-ਦੋ ਵਰਦੀਆਂ ਦਿੱਤੀਆਂ ਜਾਣ।ਇਸ ਸਮੇਂ ਰਾਜਵਿੰਦਰ ਸਿੰਘ ਜਲਾਲ, ਭੋਲ਼ਾ ਤਲਵੰਡੀ, ਭੁਪਿੰਦਰ ਮਾਈਸਰਖਾਨਾ, ਰਣਦੀਪ ਕੌਰ ਖਾਲਸਾ, ਜਸਵਿੰਦਰ ਸੰਦੋਹਾ, ਹਰਮੇਸ਼ ਕੁਮਾਰ, ਰਾਜੇਸ਼ ਕੁਮਾਰ, ਗੁਰਬਾਜ ਸਿੰਘ, ਬਲਕਰਨ ਕੋਟ ਸ਼ਮੀਰ, ਅਸ਼ਵਨੀ ਕੁਮਾਰ ਡੱਬਵਾਲੀ, ਬਲਜਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਆਗੂ ਹਾਜ਼ਰ ਸਨ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ) : ਬੀਤੇ ਦਿਨ ਮਾਛੀਵਾੜਾ ਖ਼ਾਮ ਦੇ ਸਰਕਾਰੀ ਸਕੂਲ ਵਿੱਚ ਮਿੱਡ ਡੇਅ ਮੀਲ ਵਰਕਰ ਦੀ ਅੱਗ ਨਾਲ ਝੁਲਸ ਜਾਣ ਕਾਰਨ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ, ਜ਼ਿਲ੍ਹਾ ਸਕੱਤਰ ਜੀਵਨ ਸਿੰਘ ਬਧਾਈ ਨੇ ਪੰਜਾਬ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ।ਜ਼ਿਲ੍ਹਾ ਆਗੂਆਂ ਨੇ ਮੰਗ ਕੀਤੀ ਕਿ ਮ੍ਰਿਤਕ ਦੇ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ, ਯੋਗ ਮੁਆਵਜ਼ਾ ਰਾਸ਼ੀ ਤੇ ਸਮੂਹ ਮਿੱਡ ਡੇਅ ਮੀਲ ਵਰਕਰਾਂ ਨੂੰ ਦਰਜਾ ਚਾਰ ਕਰਮਚਾਰੀਆਂ ਦੇ ਬਰਾਬਰ ਤਨਖਾਹ ਸਕੇਲ ਦੇ ਕੇ ਵਿਭਾਗ ਵਿੱਚ ਪੱਕਾ ਕੀਤਾ ਜਾਵੇ।ਇਸ ਸਮੇਂ ਵਰਿੰਦਰ ਬਹਿਲ, ਗੁਰਵਰਿਆਮ ਸਰਾਵਾਂ, ਨੀਰਜ਼ ਬਜਾਜ, ਤੇਜਿੰਦਰ ਸੋਥਾ, ਗੁਰਪ੍ਰੀਤ ਲੰਬੀ, ਕੁਲਦੀਪ ਸ਼ਰਮਾ, ਜਸਵਿੰਦਰ ਖੁੱਡੀਆਂ, ਹਰਬੰਸ ਲਾਲ, ਵਰਿੰਦਰਜੀਤ ਬਿੱਟਾ, ਹਰਪ੍ਰੀਤ ਲੰਬੀ ਢਾਬ, ਸੁਖਜੀਤ ਥਾਂਦੇਵਾਲਾ, ਚਮਨ ਲਾਲ, ਸਰਬਜੀਤ ਭਾਗਸਰ, ਚਰਨਜੀਤ ਅਟਵਾਲ, ਅਮਿਤ ਬੱਬਰ, ਰਵਿੰਦਰ ਰਵੀ, ਕੁਲਵਿੰਦਰ ਸਿੰਘ, ਰਵਿੰਦਰ ਸਿੰਘ ਗੁਲਾਬੇ ਵਾਲਾ ਸਮੇਤ ਵੱਡੀ ਗਿਣਤੀ ਵਿੱਚ ਜ਼ਿਲ੍ਹਾ ਆਗੂ ਹਾਜ਼ਰ ਸਨ।

2 ਕਿੱਲੋ ਅਫ਼ੀਮ ਸਣੇ ਗ੍ਰਿਫ਼ਤਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਫ਼ਤਹਿਗੜ੍ਹ ਸਾਹਿਬ ਵਿਖੇ ਪੁਲਸ ਨੇ ਇੱਕ ਵਿਅਕਤੀ ਨੂੰ ਦੋ ਕਿੱਲੋ ਅਫ਼ੀਮ ਸਣੇ ਗ੍ਰਿਫ਼ਤਾਰ ਕੀਤਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਵੱਲੋਂ ਜਦੋਂ ਫ਼ਤਹਿਗੜ੍ਹ ਸਾਹਿਬ ਵਿਖੇ ਨਾਕਾਬੰਦੀ ਕਰਕੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇੱਕ ਵਿਅਕਤੀ ਪੁਲਸ ਕਰਮਚਾਰੀਆਂ ਨੂੰ ਦੇਖ ਕੇ ਘਬਰਾ ਗਿਆ ਤੇ ਪਿੱਛੇ ਮੁੜਨ ਲੱਗਾ, ਜਿਸ ਨੂੰ ਕਾਬੂ ਕਰਕੇ ਪੁਲਸ ਪਾਰਟੀ ਵੱਲੋਂ ਉਸ ਦਾ ਨਾਮ ਪਤਾ ਪੁੱਛਿਆ ਗਿਆ ਤਾਂ ਉਸ ਨੇ ਆਪਣੀ ਪਹਿਚਾਣ ਰਜਿੰਦਰ ਵਾਸੀ ਪਿੰਡ ਗੰਜ ਕੁੰਵਰ ਗਾਉਂ ਜ਼ਿਲ੍ਹਾ ਬਦਾਯੂੰ (ਉੱਤਰ ਪ੍ਰਦੇਸ਼) ਵਜੋਂ ਦੱਸੀ।ਸੀ.ਆਈ.ਏ. ਸਟਾਫ ਸਰਹਿੰਦ ਵਿਖੇ ਤਾਇਨਾਤ ਸਬ-ਇੰਸਪੈਕਟਰ ਅਮਰਜੀਤ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਰਜਿੰਦਰ ਦੇ ਕਬਜ਼ੇ 'ਚੋਂ ਦੋ ਕਿੱਲੋ ਅਫ਼ੀਮ ਬਰਾਮਦ ਹੋਈ।ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ 'ਚ ਰਜਿੰਦਰ ਨੂੰ ਗ੍ਰਿਫ਼ਤਾਰ ਕਰਕੇ ਸਬ-ਇੰਸਪੈਕਟਰ ਅਮਰਜੀਤ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

ਪੰਜਾਬ ਸੋਸ਼ਲਿਸਟ ਅਲਾਇੰਸ ਵੱਲੋਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ

ਬਠਿੰਡਾ (ਬਖਤੌਰ ਢਿੱਲੋਂ)-ਪੰਜਾਬ ਦੀਆਂ ਤਿੰਨ ਕ੍ਰਾਂਤੀਕਾਰੀ ਵਿਚਾਰਧਾਰਾਵਾਂ ਮਾਰਕਸਵਾਦੀ ਵਿਚਾਰਧਾਰਾ, ਅੰਬੇਡਕਰਵਾਦੀ ਤੇ ਸਿੱਖ ਫਲਸਫਾ 'ਤੇ ਅਧਾਰਤ ਜਥੇਬੰਦੀਆਂ ਵੱਲੋਂ ਬਣਾਏ ਪੰਜਾਬ ਸੋਸ਼ਲਿਸਟ ਅਲਾਇੰਸ ਵੱਲੋਂ ਸਥਾਨਕ ਟੀਚਰਜ਼ ਹੋਮ ਵਿੱਚ ਸਾਂਝੀ ਕਾਨਫਰੰਸ ਕਰਨ ਉਪਰੰਤ ਲੋਕ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ। ਇਸ ਗੱਠਜੋੜ ਵਿੱਚ ਬਹੁਜਨ ਮੁਕਤੀ ਪਾਰਟੀ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ, ਸ਼੍ਰੋਮਣੀ ਅਕਾਲੀ ਦਲ ਫਤਹਿ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਭਾਰਤ ਮੁਕਤੀ ਮੋਰਚਾ ਪੰਜਾਬ, ਲੋਕ ਰਾਜ ਪਾਰਟੀ, ਰਾਸ਼ਟਰੀ ਕ੍ਰਾਂਤੀ ਪਾਰਟੀ ਅੰਬੇਡਕਰਵਾਦੀ, ਬਹੁਜਨ ਮੁਕਤੀ ਪਾਰਟੀ ਚੰਡੀਗੜ੍ਹ, ਰਾਸ਼ਟਰੀ ਪਿੱਛੜਾ ਵਰਗ ਮੋਰਚਾ ਪੰਜਾਬ, ਆਪਣਾ ਸਮਾਜ ਪਾਰਟੀ, ਗਿਆਰਾਂ ਨਿਹੰਗ ਸਿੰਘ ਜਥੇਬੰਦੀਆਂ, ਸੰਵਿਧਾਨ ਬਚਾਓ ਦੇਸ਼ ਬਚਾਓ ਸੰਘਰਸ਼ ਸਮਿਤੀ, ਰਾਸ਼ਟਰੀ ਕਿਸਾਨ ਮੋਰਚਾ ਪੰਜਾਬ, ਬਹੁਜਨ ਮੁਕਤੀ ਮੋਰਚਾ ਚੰਡੀਗੜ੍ਹ ਆਦਿ ਸਮਾਜਿਕ ਤੇ ਰਾਜਨੀਤਕ ਸੰਗਠਨ ਸ਼ਾਮਲ ਹਨ। ਗੱਠਜੋੜ ਦੇ ਚੇਅਰਮੈਨ ਸ੍ਰੀ ਕੁਲਦੀਪ ਸਿੰਘ ਈਸਾਪੁਰ ਤੇ ਪ੍ਰਧਾਨ ਹਰਬੰਸ ਸਿੰਘ ਮਾਂਗਟ ਨੇ ਦੱਸਿਆ ਕਿ ਭਗਵੰਤ ਸਿੰਘ ਸਮਾਓਂ ਲੋਕ ਸਭਾ ਹਲਕਾ ਬਠਿੰਡਾ, ਪ੍ਰੀਤਮ ਸਿੰਘ ਰਿਟਾਇਰਡ ਜੇ ਈ ਫਰੀਦਕੋਟ, ਜਸਵਤ ਸਿੰਘ ਸੰਗਰੂਰ, ਲਛਮਣ ਸਿੰਘ ਅੰਮ੍ਰਿਤਸਰ, ਜਸਵੀਰ ਸਿੰਘ ਖਾਲਸਾ ਅਨੰਦਪੁਰ ਸਾਹਿਬ, ਬਲਕਾਰ ਸਿੰਘ ਮੰਗਲੀ ਫਤਹਿਗੜ੍ਹ ਸਾਹਿਬ, ਡਾ: ਸ਼ੈਲੇਂਦਰ ਸਿੰਘ ਸ਼ੈਲੀ ਗੁਰਦਾਸਪੁਰ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਫਿਰੋਜ਼ਪੁਰ, ਕਿਰਪਾਲ ਸਿੰਘ ਲੁਧਿਆਣਾ, ਹਰਚੰਦ ਸਿੰਘ ਖਾਲਸਾ ਜਲੰਧਰ ਹਲਕੇ ਤੋਂ ਲੋਕ ਸਭਾ ਲਈ ਉਮੀਦਵਾਰ ਐਲਾਨੇ ਗਏ ਹਨ। ਆਗੂਆਂ ਨੇ ਕਿਹਾ ਕਿ ਪੰਜਾਬ ਸੋਸ਼ਲਿਸਟ ਅਲਾਇੰਸ ਸਿਰਫ ਚਿਹਰੇ ਬਦਲਣ ਦੀ ਡਰਾਮੇਬਾਜ਼ੀ ਕਰਨ ਵਾਸਤੇ ਸਿਆਸੀ ਰੰਗਮੰਚ ਉੱਤੇ ਹਾਜ਼ਰ ਨਹੀਂ ਹੋਇਆ, ਸਗੋਂ ਇਹ ਕਿਰਤ ਕਰਨ ਵਾਲੇ ਭਾਈ ਲਾਲੋਆਂ ਦੀ ਹਕੂਮਤ ਕਾਇਮ ਕਰਨ ਲਈ ਸਿਆਸੀ ਰੰਗ ਮੰਚ ਉੱਤੇ ਆਇਆ ਹੈ। ਅਲਾਇੰਸ ਦੇਸ਼ ਅੰਦਰ ਭ੍ਰਿਸ਼ਟਾਚਾਰ, ਚੋਰ ਬਜ਼ਾਰੀ ਤੇ ਨਸ਼ਿਆਂ ਦੀ ਸਮਗਲਿੰਗ ਵਰਗੀਆਂ ਅਲਾਮਤਾਂ ਨੂੰ ਜੜ੍ਹੋਂ ਖਤਮ ਕਰਨ ਲਈ ਨਕਦ ਕਰੰਸੀ ਨੂੰ ਖਤਮ ਕਰਕੇ ਕੈਸ਼ਲੈੱਸ ਆਰਥਿਕਤਾ ਉਸਾਰੇਗਾ। ਐਜੂਕੇਸ਼ਨ ਮਾਫੀਆ ਦੇ ਖਾਤਮੇ ਲਈ ਆਨਲਾਈਨ ਐਜੂਕੇਸ਼ਨ ਨੂੰ ਮਾਨਤਾ ਦੇਵੇਗਾ।

ਐੱਸ ਆਰ ਐੱਸ ਵਿੱਦਿਆਪੀਠ 'ਚ ਮਨਾਇਆ ਵਿਸਾਖੀ ਦਾ ਤਿਉਹਾਰ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਵਿਸਾਖੀ ਦਾ ਤਿਉਹਾਰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਕੇ ਪ੍ਰੋਗਰਾਮ ਦਾ ਆਗਾਜ਼ ਕੀਤਾ ਗਿਆ। ਬੱਚਿਆਂ ਨੇ ਬਹੁਤ ਹੀ ਵਧੀਆ ਢੰਗ ਨਾਲ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਬੱਚਿਆਂ ਨੇ ਵਿਸਾਖੀ ਤੇ ਡਾ. ਬੀ ਆਰ ਅੰਬੇਡਕਰ ਜੀ ਬਾਰੇ ਭਾਸ਼ਣ ਦਿੱਤਾ। ਵਿਦਿਆਰਥੀਆਂ ਵੱਲੋਂ ਪੰਜਾਬੀ ਲੋਕ-ਨਾਚ ਗਿੱਧਾ ਤੇ ਭੰਗੜਾ ਪੇਸ਼ ਕਰ ਕੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਗਏ। ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਨਾਲ ਸੰਬੰਧਤ ਪ੍ਰਸ਼ਨ ਵੀ ਪੁੱਛੇ ਗਏ। ਵੱਖ-ਵੱਖ ਰਾਜਾਂ ਦੇ ਮਹੱਤਵਪੂਰਨ ਤਿਉਹਾਰਾਂ ਨੂੰ ਮਨਾਉਣ ਦੀ ਜਾਣਕਾਰੀ ਦਿੰਦੇ ਹੋਏ ਵਿਦਿਆਰਥੀਆਂ ਦੀ ਇੰਟਰ ਹਾਊਸ ਐਕਟੀਵਿਟੀ ਵੀ ਕਰਵਾਈ ਗਈ। ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਵੱਲੋਂ ਸਾਰੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਨੇ ਸਾਰੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੱਤੀ ਤੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਭੱਦੀ ਦੀ ਘਾਟੀ 'ਤੇ ਦਵਾਈਆਂ ਤੇ ਆਈਸਕ੍ਰੀਮ ਦਾ ਲੰਗਰ ਲਾਇਆ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਚੇਤ ਦੇ ਮਹੀਨੇ ਦੇ ਪਹਿਲੇ ਨਰਾਤੇ 'ਤੇ ਮਾਛੀਵਾੜਾ ਸਾਹਿਬ ਤੋਂ ਪੈਦਲ ਜਥਾ ਮਾਤਾ ਨੈਣਾ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ, ਇਸ ਮੌਕੇ ਬਾਬਾ ਬਿਸ਼ਵਾਨਾਥ ਖੇੜਾ ਦੀ ਯਾਦ 'ਚ ਦਵਾਈਆਂ ਤੇ ਆਈਸਕ੍ਰੀਮ ਦਾ ਲੰਗਰ ਭੱਦੀ ਦੀ ਘਾਟੀ 'ਤੇ ਲਗਾਇਆ ਗਿਆ।

ਇਸ ਮੌਕੇ ਆਸ਼ੂ ਕੌੜਾ, ਜੱਸਾ ਬੈਨੀਪਾਲ, ਬਲਦੇਵ ਸਿੰਘ ਲੰਬੜਦਾਰ, ਸਨੀ ਮਲਹੋਤਰਾ, ਹੈਪੀ ਮਲਹੋਤਰਾ, ਜੱਗੀ ਮੱਕੜ, ਮੋਨੂੰ ਮੱਕੜ, ਸ਼ੇਰ ਸਿੰਘ, ਗੋਪੀ ਆਦਿ ਸ਼ਾਮਲ ਸਨ।

ਲਵਿੰਗ ਲਿਟਲ ਪਲੇਵੇ ਸਕੂਲ 'ਚ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ 'ਤੇ ਸਮਾਗਮ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੈਪਰੇਟਰੀ ਸਕੂਲ ਵਿਖੇ ਵਿਸਾਖੀ ਦੇ ਤਿਉਹਾਰ ਤੇ ਖਾਲਸਾ ਸਾਜਨਾ ਦਿਵਸ ਦੀ ਪੂਰਵ ਸੰਧਿਆ 'ਤੇ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਨ ਨਾਲ ਕੀਤੀ ਗਈ। ਇਸ ਮੌਕੇ ਨੰਨ੍ਹੇ-ਮੁੰਨੇ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਬੱਚਿਆਂ ਨੇ ਭੰਗੜਾ ਤੇ ਗਿੱਧਾ ਆਦਿ ਦੇ ਜੌਹਰ ਦਿਖਾਏ। ਵਿਸਾਖੀ ਨਾਲ ਸਬੰਧਤ ਗੀਤ 'ਜੱਟਾਂ ਆਈ ਵਿਸਾਖੀ', 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਆਦਿ 'ਤੇ ਵੀ ਬੱਚਿਆਂ ਨੇ ਮਨਮੋਹਕ ਪੇਸ਼ਕਾਰੀ ਕੀਤੀ। ਇਸ ਮੌਕੇ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਦੇ ਹੋਏ ਸਕੂਲ ਦੀ ਪ੍ਰਿੰਸੀਪਲ ਮੈਡਮ ਮੀਨਾ ਅਰੋੜਾ ਨੇ ਕਿਹਾ ਕਿ ਸੰਨ 1699 ਵਿਚ ਦਸਮਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਸਾਹਿਬ ਵਿੱਚ ਖਾਲਸਾ ਪੰਥ ਸਜਾਇਆ ਸੀ। ਇਸ ਦੇ ਇਲਾਵਾ ਵੈਸਾਖ ਮਹੀਨੇ ਦੇ ਪਹਿਲੇ ਦਿਨ ਪੂਰੇ ਦੇਸ਼ ਦੇ ਕਿਸਾਨ ਹਾੜ੍ਹੀ ਦੀ ਫ਼ਸਲ ਦੀ ਕਟਾਈ ਸ਼ੁਰੂ ਕਰਦੇ ਹਨ। ਉਨ੍ਹਾ ਦੱਸਿਆ ਕਿ ਇਸ ਤਿਉਹਾਰ ਦਾ ਹਰ ਇੱਕ ਕਿਸਾਨ ਵਿੱਚ ਕਾਫ਼ੀ ਉਤਸ਼ਾਹ ਦੇਖਿਆ ਜਾਂਦਾ ਹੈ। ਇਸ ਮੌਕੇ ਫ਼ੈਂਸੀ ਫ੍ਰੈਂਸ ਮੁਕਾਬਲਿਆਂ ਵਿੱਚ ਬੱਚਿਆਂ ਨੇ ਪੰਜਾਬੀ ਪਹਿਰਾਵਾ ਪਾ ਕੇ ਛੱਜ, ਦਾਤੀ, ਪੱਖੀਆਂ, ਢੋਲ, ਚਰਖਾ ਆਦਿ ਦੀ ਪੇਸ਼ਕਾਰੀ ਕੀਤੀ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਸਮੂਹ ਸਟਾਫ਼ ਤੇ ਬੱਚਿਆਂ ਵੱਲੋਂ ਜਲ੍ਹਿਆਂਵਾਲਾ ਬਾਗ ਵਿੱਚ ਸ਼ਹੀਦ ਹੋਏ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਮੈਡਮ ਅੰਨੂ, ਪਿੰਕੀ, ਨਿਸ਼ਾ ਆਦਿ ਹਾਜ਼ਰ ਸਨ।

ਵਰਲਡ 'ਵਰਸਿਟੀ ਵੱਲੋਂ ਝੁੱਗੀ ਨਿਵਾਸੀਆਂ ਦੀਆਂ ਸਮੱਸਿਆਵਾਂ 'ਤੇ ਖੋਤਰੀ ਖੋਜ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਅਤੇ ਅੰਗਰੇਜ਼ੀ ਵਿਭਾਗ ਨੇ ਆਪਣੇ ਵਿਦਿਆਰਥੀਆਂ ਲਈ ਇਕ ਦਿਨ ਦੀ ਖੋਤਰੀ ਖੋਜ ਦਾ ਪ੍ਰਬੰਧ ਕੀਤਾ। ਇਹ ਖੋਤਰੀ ਖੋਜ, ਵਿਦਿਆਰਥੀਆਂ ਦੇ ਸਲੇਬਸ ਦਾ ਹਿੱਸਾ ਹੋਣ ਕਾਰਨ ਅਤੇ ਉਨ੍ਹਾਂ ਨੂੰ ਖੋਜ ਦੇ ਅਸਲ ਪਹਿਲੂਆਂ ਨਾਲ ਜਾਣੂ ਕਰਵਾਉਣ ਲਈ ਕੀਤੀ

13-April-PAGE-8.qxd 4/12/2024 11:00 PM Page 1

ਕਾਲਾ ਸੰਘਿਆ ਡਰੇਨ 'ਚ ਜਲਦ ਵਗੇਗਾ 100 ਕਿਊਸਿਕ ਪਾਣੀ : ਸੀਚੇਵਾਲ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਪੰਜਾਬ ਦੀ ਸਭ ਤੋਂ ਦੂਸ਼ਿਤ ਮੰਨੀ ਜਾਣ ਵਾਲੀ ਕਾਲਾ ਸੰਘਿਆਂ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇਸ ਵਿੱਚ 100 ਕਿਊਸਿਕ ਛੱਡਿਆ ਜਾਵੇਗਾ। ਇਸਮਤੋਂ ਪਹਿਲਾਂ ਡਰੇਨ ਨੂੰ ਜਿੱਥੇ ਡੂੰਘਾ ਕੀਤਾ ਜਾ ਰਿਹਾ ਹੈ ਉੱਥੇ ਹੀ ਇਸਦੇ ਦੋਹਾਂ ਕਿਨਾਰਿਆਂ ਤੇ ਪੱਥਰ ਲਗਾਏ ਜਾ ਰਹੇ ਹਨ। ਲੰਬੇ ਸਮੇਂ ਤੋਂ ਇਸ ਡਰੇਨ ਵਿੱਚ ਵਗ ਰਹੇ ਗੰਦੇ ਪਾਣੀ ਨੇ ਇਸ ਇਲਾਕੇ ਦੇ ਲੋਕਾਂ ਦਾ ਜੀਉਣਾ ਮੁਸ਼ਕਿਲ ਕੀਤਾ ਹੋਇਆ ਸੀ। ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਾਲਾ ਸੰਘਿਆਂ ਡਰੇਨ ਦਾ ਦੌਰਾ ਕੀਤਾ ਗਿਆ ਤੇ ਉੱਥੇ ਲੱਗ ਰਹੇ ਪੱਥਰ ਲਾਉਣ ਦੇ ਕੰਮ ਦਾ ਜ਼ਾਇਜ਼ਾ ਲਿਆ। ਇਸ ਮੌਕੇ ਨਿਗਰਾਨ ਇੰਜੀਅਨਰ ਗੁਰਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਕਾਲਾ ਸੰਘਿਆ ਡਰੇਨ ਨੂੰ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਪੱਕਾ ਕੀਤਾ ਜਾ ਰਿਹਾ ਹੈ।

ਇਸਦੇ ਕਿਨਾਰਿਆਂ 'ਤੇ ਪੱਥਰ ਲਾਉਣ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ। ਉਹਨਾਂ ਕਿਹਾ ਕਿ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇਸ ਵਿੱਚ 100 ਕਿਊਸਿਕ ਦੇ ਕਰੀਬ ਪਾਣੀ ਛੱਡਣ ਦੀ ਤਜ਼ਵੀਜ਼ ਰੱਖੀ ਗਈ ਹੈ। ਨਿਗਰਾਨ ਇੰਜੀਨੀਅਰ ਨੇ ਦੱਸਿਆ ਕਿ ਇਹ 34 ਕਰੋੜ ਦਾ ਪ੍ਰੋਜੈਕਟ ਹੈ। ਜਿਸ ਤਹਿਤ ਇਸਦੇ ਦੋਹਾਂ ਕਿਨਾਰਿਆਂ ਤੇ ਪੱਥਰ ਲਗਾਏ ਜਾ ਰਹੇ ਹਨ ਤੇ ਨਾਲ ਹੀ ਇਸਦੇ ਦੋਵਾਂ ਕਿਨਾਰਿਆਂ ਤੇ ਜਾਲੀ ਵੀ ਲਗਾਈ ਜਾਵੇਗੀ ਤਾਂ ਜੋ ਇਸ ਵਿੱਚ ਕੋਈ ਵੀ ਕੂੜਾ ਕਰਕਟ ਨਾ ਸੁੱਟ ਸਕੇ। ਉਸਨੇ ਦੱਸਿਆ ਕਿ ਪੱਥਰ ਲਾਉਣ ਦਾ ਇਹ ਕਾਰਜ਼ 50 ਫੀਸਦੀ ਮੁਕੰਮਲ ਹੋ ਚੁੱਕਾ ਹੈ।

ਸੰਤ ਸੀਚੇਵਾਲ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਇਸ ਵੇਲੇ ਜਿੱਥੇ ਜਲਵਾਯੂ ਦੀ ਮਾਰ ਹੇਠਾਂ ਆਇਆ ਹੋਇਆ ਹੈ ਉੱਥੇ ਹੀ ਇਹ ਜ਼ਿਲ੍ਹਾ ਪਾਣੀ ਦੇ ਗੰਭੀਰ ਸੰਕਟ ਹੇਠਾਂ ਵੀ ਆ ਰਿਹਾ ਹੈ। ਉਹਨਾਂ ਵਰਲਡ ਵਾਇਡ ਫੰਡ ਫਾਰ ਨੇਚਰ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਹੋਇਆ ਦੱਸਿਆ ਕਿ 2050 ਤੱਕ ਇਹ ਜ਼ਿਲ੍ਹਾ ਜਲੰਧਰ ਪੀਣ ਵਾਲੇ ਪਾਣੀ ਲਈ ਵੀ ਤਰਸੇਗਾ। ਉਹਨਾਂ ਦੱਸਿਆ ਕਿ ਵਾਤਾਵਰਣ ਨੂੰ ਲੈ ਕੇ ਮਾਹਿਰਾਂ ਵੱਲੋਂ ਰਿਪੋਰਟਾਂ ਰਾਹੀ ਜੋ ਚੇਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ ਉਹ ਬਹੁਤ ਹੀ ਖਤਰਨਾਕ ਹਨ। ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਸਮੂਹਿਕ ਹੰਭਲੇ ਦੀ ਲੋੜ ਹੈ।

ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ੍ਹ ਵਿਖੇ ਲੱਗਾ ਮੈਡੀਕਲ ਚੈੱਕਅੱਪ ਤੇ ਅੱਖਾਂ ਦਾ ਮੁਫਤ ਕੈਂਪ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)—ਵਿਸਾਖੀ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜਨਮ ਦਿਨ ਨੂੰ ਸਮਰਪਿਤ ਸ੍ਰੀ ਗੁਰੂ ਰਵਿਦਾਸ ਸਦਨ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਬੜੀ ਸ਼ਰਧਾ ਪੂਰਵਕ ਸਜਾਏ ਗਏ,ਜਿਸ ਵਿਚ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ,ਸੰਤ ਸਮਾਗਮ ਦੇ ਦੀਵਾਨ ਸਜਾਏ ਗਏ,ਜਿਸ ਵਿੱਚ ਰਾਗੀ ਜਥੇ ਬਾਬਾ ਬਲਕਾਰ ਸਿੰਘ ਤੱਗੜ ਵਡਾਲਾ,ਸੰਤ ਧਰਮ ਪਾਲ ਸ਼ੇਰਗੜ ਵਾਲਿਆਂ ਦੇ ਜਥਿਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮਾਂ ਵਿੱਚ ਧਾਰਮਿਕ, ਸਮਾਜਿਕ, ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਸੰਗਤਾਂ ਨੇ ਸ਼ਾਮਲ ਹੋ ਕੇ ਹਾਜਰੀ ਭਰੀ। ਵਿਸਾਖੀ ਅਤੇ ਡਾ. ਅੰਬੇਡਕਰ ਜਨਮ ਦਿਨ ਨੂੰ ਸਮਰਪਿਤ ਵਿਸ਼ਾਲ ਮੈਡੀਕਲ ਚੈੱਕਅਪ ਅਤੇ ਅੱਖਾਂ ਦੇ ਮੁਫਤ ਮੇਡੀਕਲ ਕੈਂਪ ਦਾ ਉਦਘਾਟਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ,ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੋੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸ਼ੇਖੇ ਅਤੇ ਧਾਰਮਿਕ,ਸਮਾਜਿਕ ਸਖਸ਼ੀਅਤਾਂ ਵਲੋਂ ਸਾਂਝੇ ਤੌਰ 'ਤੇ ਕੀਤਾ ਜਿਸ ਵਿੱਚ ਅੱਖਾਂ ਦੇ ਮਾਹਿਰ ਡਾਕਟਰ ਡਾ. ਰਮਨ ਭਗਤ,ਡਾ. ਹਰਮਨ,ਡਾ. ਮਨਦੀਪ ਔਜਲਾ ਦੀ ਟੀਮ ਨੇ ਮਰੀਜਾਂ ਦਾ ਚੈਕਅੱਪ ਕੀਤਾ ਅਤੇ ਦਵਾਈਆਂ ਦਿੱਤੀਆਂ । ਇਸ ਮੈਡੀਕਲ ਕੈਂਪ ਲਈ ਜੀਤ ਸਿੰਘ ਯੂ ਕੇ, ਮੋਹਨ ਸਿੰਘ ਯੂ ਕੇ ਅਤੇ ਇਨਾਂ ਦੇ ਸਪੁੱਤਰ ਪਵਨ ਸਿੰਘ ਨੇ ਸੇਵਾ ਲਈ ਵਿਸ਼ੇਸ਼ ਯੋਗਦਾਨ ਪਾਇਆ। ਇਸ ਮੌਕੇ ਸੰਤ ਬਲਵੰਤ ਸਿੰਘ ਡੀਗਰੀਆਂ,ਸੰਤ ਰਮੇਸ਼ ਦਾਸ ਕਲਰਾਂ,ਸੰਤ ਜਗੀਰ ਸਿੰਘ ਸਰਬੱਤ ਦਾ ਭਲਾ ਆਸ਼ਰਮ ਨੰਦਾਚੌਰ, ਸੰਤ ਬੀਬੀ ਕੁਲਦੀਪ ਕੌਰ ਮਹਿਨਾ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਸੰਤੋਖ ਦਾਸ ਭਾਰਟਾ,ਸੰਤ ਮਨਜੀਤ ਦਾਸ ਵਿਛੋਹੀ,ਸੰਤ ਸਤਨਾਮ ਸਿੰਘ ਪੰਡੋਰੀ ਲੱਧਾ ਸਿੰਘ, ਸੰਤ ਸੁਰਿੰਦਰ ਦਾਸ ਢਕੋਵਾਲ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ,ਸੰਤ ਪ੍ਰਮੇਸ਼ਵਰੀ ਦਾਸ,ਸੰਤ ਕੁਲਦੀਪ ਦਾਸ ਬਸੀ ਮਰੂਫ,ਸੰਤ ਗੁਰਮੀਤ ਦਾਸ ਤੋਂ ਇਲਾਵਾ ਪ੍ਰਸ਼ੋਤਮ ਅਹੀਰ ਪੰਜਾਬ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੇਬਰ ਵਿੰਗ,ਐਸ ਆਰ ਲੱਧੜ ਸਾਬਕਾ ਆਈ ਏ ਐਸ, ਕੁਲਦੀਪ ਸਿੰਘ ਸਰਪੰਚ ਭੰਗਲ,ਗੁਰਪਾਲ ਸਿੰਘ ਸਾਬਕਾ ਸਰਪੰਚ,ਸੁਰਿੰਦਰ ਪਾਲ ਸਿੰਘ ਸਾਬਕਾ ਸਰਪੰਚ, ਜਗਤਾਰ ਸਿੰਘ ਸਾਬਕਾ ਸਰਪੰਚ, ਮਾਸਟਰ ਜੈ ਪਾਲ ਸਿੰਘ, ਰਮੇਸ਼ ਸਿੰਘ ਭੱਟੀ ਵੀ ਹਾਜਰ ਸਨ।

ਖ਼ੂਨਦਾਨ ਕੈਂਪ ਲਗਾਇਆ

ਜਲੰਧਰ (ਇਕਬਾਲ ਸਿੰਘ ਉਭੀ) -ਸਥਾਨਕ ਬੱਸ ਅੱਡੇ ਤੋਂ ਥੋੜ੍ਹੀ ਦੂਰ ਗੜ੍ਹਾ ਮਾਰਗ 'ਤੇ ਸਥਿਤਬਾਬਾ ਕਸ਼ਮੀਰਾ ਸਿੰਘ ਜਨ ਸੇਵਾ ਟਰੱਸਟ ਵਲੋਂ ਚਲਾਏ ਜਾ ਰਹੇ ਐੱਸ.ਜੀ.ਐੱਲ. ਸੁਪਰ ਸਪੈਸ਼ਲਿਟੀ ਚੈਰੀਟੇਬਲ ਹਸਪਤਾਲ ਵਿੱਖੇ ਪੰਜਾਬ ਨੈਸ਼ਨਲ ਬੈਂਕ ਦੇ 130ਵੇਂ ਸਥਾਪਨਾ ਦਿਵਸ ਤੇ ਬੈਂਕ ਦੇ ਮੁਲਾਜ਼ਮਾਂ ਵਲੋਂ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਦੌਰਾਨ ਹਸਪਤਾਲ ਦੇ ਵਾਈਸ ਚੇਅਰਮੈਨ ਅਤੇ ਸੀ.ਈ.ਓ. ਮਨਿੰਦਰ ਪਾਲ ਸਿੰਘ ਰਿਆੜ ਵਲੋਂ ਜਲੰਧਰ ਦੇ ਸਰਕਲ ਹੈੱਡ. ਹਰਵਿੰਦਰ ਸਿੰਘ ਰੰਧਾਵਾ ਅਤੇ ਹੋਰਨਾਂ ਬੈਂਕ ਮੁਲਾਜ਼ਮਾਂ ਦਾ ਸਵਾਗਤ ਕਰਦੇ ਹੋਏ ਕੈਂਪ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ 'ਤੇ ਐੱਮ.ਸੀ.ਸੀ. ਹੈੱਡ ਐੱਸ.ਕੇ. ਜੈਨ, ਸਰਕਲ ਪ੍ਰੈਜ਼ੀਡੈਂਟ ਰਾਜੇਸ਼ ਕ੍ਰਿਚ, ਸਰਕਲ ਸੇਕਰੇਟਰੀ. ਮੁਨੀਸ਼ ਕੁਮਾਰ, ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾਕਟਰ ਗੋਮਤੀ ਮਹਾਜਨ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

ਨਾਹਰ ਜਠੇਰਿਆਂ ਦਾ ਮੇਲਾ ਅੱਜ

ਸ਼ਾਹਕੋਟ (ਗਿਆਨ ਸੈਦਪੁਰੀ) ਜੋਗਿੰਦਰ ਸਿੰਘ ਬਿੱਲੀ ਬੜੈਚ ਪ੍ਰਧਾਨ ਨਾਹਰ ਜਠੇਰਾ ਕਮੇਟੀ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਾਹਰ ਜਠੇਰਿਆਂ ਦਾ ਸਾਲਾਨਾ ਮੇਲਾ ਪਿੰਡ ਸ਼ੰਕਰ ਵਿਖੇ 13 ਅਪ੍ਰੈਲ ਦਿਨ ਸ਼ਨਿੱਚਰਵਾਰ ਨੂੰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੇਲੇ ਦੌਰਾਨ ਭਗਵਾਨ ਵਾਲਮੀਕਿ ਮਹਾਰਾਜ ਜੀ ਦੀ ਸਤਿਸੰਗ ਵਿਸ਼ੇਸ਼ ਤੌਰ 'ਤੇ ਕਰਵਾਇਆ ਜਾ ਰਿਹਾ ਹੈ। ਨਿਸ਼ਾਨ ਸਾਹਿਬ ਦੀ ਰਸਮ ਸਵੇਰੇ 10 ਵਜੇ ਕੀਤੀ ਜਾਵੇਗੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਮਿਊਂਸੀਪਲ ਪੈਨਸ਼ਨਰਜ਼ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਜਲਦ ਪ੍ਰਵਾਨ ਕਰੇ ਸਰਕਾਰ : ਸੈਣੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਮਿਊਂਸੀਪਲ ਪੈਨਸ਼ਨਰਜ਼ ਵੈਲਫ਼ੇਅਰ ਐਸੋਸੀਏਸ਼ਨ ਦੀਆਂ ਕਾਫੀ ਸਮੇਂ ਤੋਂ ਲਟਕਦੀਆਂ ਆ ਰਹੀਆਂ ਜਾਇਜ਼ ਮੰਗਾਂ ਸਰਕਾਰ ਵੱਲੋਂ ਪ੍ਰਵਾਨ ਨਾ ਕਰਨ ਅਤੇ ਡੀ.ਏ ਦੀਆਂ ਕਿਸ਼ਤਾਂ ਦਾ ਬਣਦਾ ਬਕਾਇਆ ਨਾ ਦੇਣ ਦੇ ਰੋਸ ਵਜੋਂ ਐਸੋਸੀਏਸ਼ਨ ਟਾਂਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਯੂਨੀਅਨ ਦੇ ਦਫ਼ਤਰ ਟਾਂਡਾ ਵਿਖੇ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ਼ਾਮਿਲ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੇ ਆਪਣੀ ਮੰਗਾਂ ਪ੍ਰਵਾਨ ਨਾ ਹੋਣ 'ਤੇ ਆਵਾਜ਼ ਬੁਲੰਦ ਕੀਤੀ। ਮੀਟਿੰਗ 'ਚ ਸ਼ਾਮਿਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਬੀਤੇ ਕਾਫੀ ਸਮੇਂ ਤੋਂ ਲਟਕਦੀਆਂ ਆ ਰਹੀਆਂ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਸਰਕਾਰ ਵੱਲੋਂ ਪ੍ਰਵਾਨ ਨਾ ਕਰਕੇ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ ਜਿਸਦੇ ਸਦਕਾ ਪੈਨਸ਼ਨਰਾਂ ਦੇ ਮਨਾਂ ਵਿੱਚ ਰੋਸ ਦੀ ਭਾਵਨਾ ਵੱਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਐਸੋਸੀਏਸ਼ਨ ਨੂੰ ਭਰੋਸਾ ਦਿੱਤਾ ਸੀ ਕਿ ਸਾਡੀ ਸਰਕਾਰ ਬਣਨ ਤੇ ਤੁਹਾਡੀਆਂ ਸਾਰੀਆਂ ਜਾਇਜ਼ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ ਪਰ ਆਪ ਸਰਕਾਰ ਬਣ ਜਾਣ ਦੇ ਦੋ ਸਾਲ ਬੀਤ ਜਾਣ 'ਤੇ ਵੀ ਅੱਜ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਨੇ ਮਾਨ ਸਰਕਾਰ ਤੋਂ ਮੰਗ ਕੀਤੀ ਸੀ ਕਿ ਪੇ ਕਮਿਸ਼ਨ ਵੱਲੋਂ ਦਿੱਤੀ ਗਈ ਰਿਪੋਰਟ ਅਨੁਸਾਰ 1 ਜਨਵਰੀ 2016 ਤੋਂ ਲੈ ਕੇ 30 ਜੂਨ 2021 ਤੱਕ ਦਾ ਪੈਨਸ਼ਨਰਾਂ ਦਾ ਬਣਦਾ ਬਕਾਇਆ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ 12% ਦੇ ਹਿਸਾਬ ਨਾਲ ਡੀ.ਏ ਦੀਆਂ ਕਿਸ਼ਤਾਂ ਅਤੇ ਉਨ੍ਹਾਂ ਦਾ ਬਣਦਾ ਬਕਾਇਆ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਤੋਂ ਇਹ ਵੀ ਮੰਗ ਕੀਤੀ ਸੀ ਕਿ 2.59% ਫੀਸਦੀ ਦੇ ਹਿਸਾਬ ਨਾਲ ਪੈਨਸ਼ਨਰਜ਼ ਦੀ ਪੈਨਸ਼ਨ ਵਿੱਚ ਵਾਧਾ ਕੀਤਾ ਜਾਵੇ ਪਰ ਸਰਕਾਰ ਨੇ ਐਸੋਸੀਏਸ਼ਨ ਦੀ ਇਸ ਮੰਗ ਵੱਲ ਅੱਜ ਤੱਕ ਧਿਆਨ ਦੇਣਾ ਉਚਿਤ ਨਹੀਂ ਸਮਝਿਆ। ਉਨ੍ਹਾਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਐਸੋਸੀਏਸ਼ਨ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕੀਤੀਆਂ ਜਾਣ ਅਤੇ ਪੇ ਕਮਿਸ਼ਨ ਵੱਲੋਂ ਜਾਰੀ ਕੀਤਾ ਗਿਆ ਏਰੀਅਰ ਬਣਦਾ ਦਿੱਤਾ ਜਾਵੇ ਅਜਿਹਾ ਨਾ ਹੋਣ ਤੇ ਐਸੋਸੀਏਸ਼ਨ ਨੂੰ ਮਜਬੂਰ ਹੋ ਕੇ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਪਵੇਗਾ ਜਿਸ ਦੀ ਸਾਰੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਮਨਮਾਨੀਆਂ ਕਰਕੇ ਪੈਨਸ਼ਨਰਾਂ ਦੇ ਦਿਲਾਂ ਵਿੱਚ ਰੋਸ ਦੀ ਭਾਵਨਾ ਵਧਦੀ ਜਾ ਰਹੀ ਹੈ। ਇਸ ਮੌਕੇ 'ਤੇ ਚੌਧਰੀ ਰਤਨ ਸਿੰਘ, ਮੀਤ ਪ੍ਰਧਾਨ ਐਨ.ਪੀ ਸਿੰਘ, ਅਸ਼ੋਕ ਕੁਮਾਰ, ਸੋਮਨਾਥ, ਕੇਵਲ ਕ੍ਰਿਸ਼ਨ, ਤਰਸੇਮ ਲਾਲ, ਸਦਾ ਨੰਦ, ਦੇਵਰਾਜ, ਅਮਰੀਕ ਸਿੰਘ, ਬੂਆ ਸਿੰਘ, ਪ੍ਰਧਾਨ ਸ਼੍ਰੀਮਤੀ ਮਾਇਆ ਦੇਵੀ, ਦੀਪੋ, ਰਾਮ ਲੁਭਾਈ, ਕ੍ਰਿਸ਼ਨਾ, ਅਮਰੀਕ ਸਿੰਘ ਭੋਗਪੁਰੀਆ, ਸੁਦਰਸ਼ਨ ਕੁਮਾਰ ਅਤੇ ਹੋਰ ਮੈਂਬਰਾਂ ਨੇ ਆਪਣੀਆਂ ਜਾਇਜ਼ ਮੰਗਾਂ ਜਲਦ ਮਨਜ਼ੂਰ ਕਰਨ ਲਈ ਸਰਕਾਰ ਤੋਂ ਮੰਗ ਕੀਤੀ।

ਡਾ. ਰਾਜਕੁਮਾਰ ਚੱਬੇਵਾਲ ਨੇ ਪਾਰਟੀ ਵਰਕਰਾਂ ਨਾਲ ਕੀਤੀ ਮੀਟਿੰਗ

ਫਗਵਾੜਾ(ਡਾ. ਰਮਨ) —ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਨੇ ਫਗਵਾੜਾ ਫੇਰੀ ਦੌਰਾਨ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ ਦੇ ਦਫਤਰ ਵਿਖੇ ਸਮੂਹ ਅਹੁਦੇਦਾਰਾਂ ਅਤੇ ਵਲੰਟੀਅਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਤੋਂ ਇਲਾਵਾ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਮੈਡਮ ਲਲਿਤ ਸਕਲਾਨੀ, ਨਗਰ ਸੁਧਾਰ ਟਰੱਸਟ ਫਗਵਾੜਾ ਦੇ ਚੇਅਰਮੈਨ ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ ਅਤੇ ਮਾਰਕਿਟ ਕਮੇਟੀ ਫਗਵਾੜਾ ਦੇ ਚੇਅਰਮੈਨ ਤਵਿੰਦਰ ਰਾਮ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਡਾ. ਚੱਬੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਆਪ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੁਣ ਲੋਕ ਸਭਾ ਚੋਣਾਂ ਹਰੇਕ ਆਪ ਵਰਕਰ ਲਈ ਇਕ ਚੁਣੌਤੀ ਬਣ ਗਈ ਹੈ ਅਤੇ ਇਸ ਚੁਣੌਤੀ ਨੂੰ ਤਾਂ ਹੀ ਪਾਰ ਕੀਤਾ ਜਾ ਸਕਦਾ ਹੈ ਜੇਕਰ ਸਮੁੱਚੀ ਪਾਰਟੀ ਇਕਜੁੱਟ ਹੋ ਕੇ ਕੇਂਦਰ ਦੀ ਧੱਕੇਸ਼ਾਹੀ ਦੇ ਖਿਲਾਫ ਵੋਟਰਾਂ ਨੂੰ 'ਆਪ' ਦੇ ਹੱਕ ਵਿਚ ਲਾਮਬੰਦ ਕਰੇਗੀ। ਉਹਨਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜੇਲ੍ਹ ਵਿਚ ਅਰਵਿੰਦ ਕੇਜਰੀਵਾਲ ਦੇ ਨਾਲ ਮੁਲਾਕਾਤ ਦੀ ਇਜਾਜਤ ਨਾ ਦਿੱਤੇ ਜਾਣ ਦੀ ਵੀ ਸਖ਼ਤ ਨਿਖੇਦੀ ਕੀਤੀ ਅਤੇ ਸਮੂਹ ਵਲੰਟੀਅਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਹੁਸ਼ਿਆਰਪੁਰ ਲੋਕ ਸਭਾ ਸੀਟ ਨੂੰ ਵੱਕਾਰ ਦਾ ਸਵਾਲ ਬਣਾ ਕੇ ਦਿਨ-ਰਾਤ ਮਿਹਨਤ ਕੀਤੀ ਜਾਵੇ ਤਾਂ ਜੋ ਇਸ ਸੀਟ ਨੂੰ ਭਾਰੀ ਬਹੁਮਤ ਨਾਲ ਜਿੱਤ ਕੇ ਕੇਂਦਰ ਦੀ ਤਾਨਾਸ਼ਾਹੀ ਮੋਦੀ ਸਰਕਾਰ ਨੂੰ ਕਰਾਰਾ ਜਵਾਬ ਦਿੱਤਾ ਜਾ ਸਕੇ। ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਅਤੇ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ ਨੇ ਸੰਬੋਧਨ ਕਰਦਿਆਂ ਭਰੋਸਾ ਦਿੱਤਾ

13-APR-PAGE-9.qxd 4/12/2024 11:01 PM Page 1

ਜੈਪਾਲ ਭੁੱਲਰ ਗੈਂਗ ਨਾਲ ਜੁੜੇ ਕਰਾਸ ਬਾਰਡਰ ਡਰੱਗ ਗੈਂਗਸਟਰ ਰੈਕੇਟ ਦਾ ਪਰਦਾ ਫਾਸ਼

ਜਲੰਧਰ: (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ):-ਸਰਹੱਦ ਪਾਰ ਤੋਂ ਨਾਰਕੋ ਅੱਤਵਾਦ ਨੂੰ ਵੱਡਾ ਝਟਕਾ ਦਿੰਦੇ ਹੋਏ ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਸ ਨੇ ਬਦਨਾਮ ਜੈਪਾਲ ਭੁੱਲਰ ਗੈਂਗ ਨਾਲ ਜੁੜੇ ਕਰਾਸ ਬਾਰਡਰ ਡਰੱਗ ਗੈਂਗਸਟਰ ਰੈਕੇਟ ਦਾ ਪਰਦਾਫਾਸ਼ ਕੀਤਾ ਹੈ ਅਤੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 3 ਕਿਲੋ ਹੈਰੋਇਨ ਅਤੇ ਦੋ ਹਥਿਆਰ ਬਰਾਮਦ ਕਿਤੇ ਹਨ । ਪੁਲਸ ਕਮਿਸ਼ਨਰ ਨੇ ਦੱਸਿਆ ਕਿ ਪੁਲਸ ਨੂੰ ਸ਼ਹਿਰ ਵਿੱਚ ਕੁਝ ਗਰੋਹਾਂ ਦੀਆਂ ਸ਼ੱਕੀ ਗਤੀਵਿਧੀਆਂ ਬਾਰੇ ਸੂਹ ਮਿਲੀ ਸੀ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਕਾਰਵਾਈ ਕਰਦਿਆਂ ਵੇਰਕਾ ਮਿਲਕ ਪਲਾਂਟ ਸਰਵਿਸ ਰੋਡ ਵਾਲੇ ਪਾਸਿਓਂ ਇੱਕ ਮਾਰੂਤੀ ਸੁਜ਼ੂਕੀ ਸਵਿਫ਼ਟ ਨੰਬਰ ਪੀ.ਬੀ.05-ਏ.ਈ.-9641 ਨੂੰ ਆਉਂਦੇ ਦੇਖਿਆ ਤੇ ਉਸ ਨੂੰ ਰੋਕਿਆ। ਡਰਾਈਵਰ ਦੀ ਪਹਿਚਾਣ ਸਾਰਜ ਉਰਫ਼ ਬਾਊ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਖਿਲਚੀਆਂ ਕਦੀਮ, ਥਾਣਾ ਸਦਰ ਫ਼ਿਰੋਜ਼ਪੁਰ ਵਜੋਂ ਹੋਈ ਅਤੇ ਕਾਰ ਦੀ ਤਲਾਸ਼ੀ ਲੈਣ 'ਤੇ 200 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਕਾਰਨ ਸਰਾਜ ਨੂੰ ਉਸੇ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ ਸਾਰਜ ਦੇ ਖੁਲਾਸੇ ਬਿਆਨ 'ਤੇ ਅਗਲੀ ਤਫ਼ਤੀਸ਼ ਦੇ ਨਤੀਜੇ ਵਜੋਂ ਮਿਤੀ 11-04-2024 ਨੂੰ ਦੋ .32 ਬੋਰ ਦੇ ਪਿਸਤੌਲ ਅਤੇ ਚਾਰ ਕਾਰਤੂਸ ਸਮੇਤ 2.8 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ।ਇਹ ਖੁਲਾਸਾ ਹੋਇਆ ਸੀ ਕਿ ਸਾਰਜ 'ਤੇ ਜਬਰੀ ਵਸੂਲੀ, ਕਤਲ ਦੀ ਕੋਸ਼ਿਸ਼, ਸੰਗਠਿਤ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ ਕਈ ਪੈਂਡਿੰਗ ਕੇਸ ਸਨ ਅਤੇ 2022 ਵਿੱਚ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ, ਸਾਰਜ ਬਦਨਾਮ ਗੈਂਗਸਟਰ ਜੈਪਾਲ ਭੁੱਲਰ ਦੇ ਅਪਰਾਧਿਕ ਨੈਟਵਰਕ ਨਾਲ ਜੁੜ ਗਿਆ ਸੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸਾਰਜ ਨੇ ਗਿਰੋਹ ਦੇ ਇੱਕ ਹੋਰ ਪ੍ਰਮੁੱਖ ਮੈਂਬਰ ਚੰਦੂ ਫ਼ਿਰੋਜ਼ਪੁਰੀਆ ਨਾਲ ਮਹੱਤਵਪੂਰਨ ਸਬੰਧ ਸਥਾਪਿਤ ਕੀਤੇ ਸਨ ਅਤੇ ਇਸ ਤਰ੍ਹਾਂ ਉਹ ਉੱਤਰੀ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਨਸ਼ੀਲੇ ਪਦਾਰਥਾਂ ਦੇ ਅੱਤਵਾਦ ਵਿੱਚ ਸ਼ਾਮਲ ਹੋ ਗਿਆ ਸੀ। ਦੋਨਾਂ ਨੇ ਆਪਣੇ ਗੈਰ-ਕਾਨੂੰਨੀ ਕਾਰਵਾਈਆਂ ਨੂੰ ਤੇਜ਼ ਕਰਨ ਲਈ ਪਾਕਿਸਤਾਨ ਤੋਂ ਹੈਰੋਇਨ ਮੰਗਵਾਉਣ ਦਾ ਪ੍ਰਬੰਧ ਕੀਤਾ ਅਤੇ ਕਿਹਾ ਕਿ ਸਰਹੱਦ ਪਾਰ ਨਸ਼ਿਆਂ ਦੀ ਤਸਕਰੀ ਵਿੱਚ ਇਸ ਸ਼ਮੂਲੀਅਤ ਨੇ ਸਾਰਜ ਦੀਆਂ ਅਪਰਾਧਿਕ ਗਤੀਵਿਧੀਆਂ ਨੂੰ ਹੋਰ ਵਧਾ ਦਿੱਤਾ, ਜਿਸ ਨਾਲ ਉਸਦੇ ਅਪਰਾਧਾਂ ਵਿਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਨੂੰ ਵਿੱਚ ਸ਼ਾਮਲ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਥਾਣਾ ਡਿਵੀਜ਼ਨ 8 ਜਲੰਧਰ ਵਿਖੇ ਐਫਆਈਆਰ 75 ਮਿਤੀ 10-04-2024 ਅਧੀਨ 21-61-85 ਐਨਡੀਪੀਐਸ ਐਕਟ, 25-54-59 ਅਸਲਾ ਐਕਟ ਦਰਜ ਕੀਤੀ ਗਈ ਹੈ। ਸਾਰਜ ਵਿਰੁੱਧ ਪਹਿਲਾਂ ਹੀ ਅੱਠ ਐਫਆਈਆਰਜ਼ ਪੈਂਡਿੰਗ ਹਨ। ਜ਼ਿਕਰਯੋਗ ਹੈ ਕਿ ਜੈਪਾਲ ਭੁੱਲਰ ਇੱਕ ਖ਼ੌਫ਼ਨਾਕ ਗੈਂਗਸਟਰ ਸੀ ਜਿਸ ਨੂੰ 2021 ਵਿੱਚ ਕੋਲਕਾਤਾ ਵਿੱਚ ਇੱਕ ਮੁਕਾਬਲੇ ਦੌਰਾਨ ਪੰਜਾਬ ਪੁਲਸ ਨੇ ਮਾਰ ਦਿੱਤਾ ਸੀ। ਜੈਪਾਲ ਦੇ ਉੱਤੇ ਪੰਜਾਬ ਵਿਚ 10 ਲੱਖ ਰੁਪਏ ਦਾ ਇਨਾਮ ਸੀ ਅਤੇ ਉਸਦੇ ਖਿਲਾਫ ਕਤਲ, ਜਬਰਦਸਤੀ ਵਸੂਲੀ ਅਤੇ ਹੋਰ ਦੇ ਗੰਭੀਰ ਮਾਮਲੇ ਚੱਲ ਰਹੇ ਸਨ।

ਕਿਸਾਨਾਂ ਨੂੰ ਮੰਡੀਆਂ 'ਚ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ : ਡਾ. ਅਗਰਵਾਲ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ):-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਭੋਗਪੁਰ ਦੀ ਅਨਾਜ ਮੰਡੀ ਵਿੱਚ ਕਣਕ ਦੀ ਖਰੀਦ ਸ਼ੁਰੂ ਕਰਵਾਉਂਦਿਆਂ ਕਿਹਾ ਕਿ ਹਾੜੀ ਮੰਡੀਕਰਨ ਸੀਜ਼ਨ 2024 ਦੌਰਾਨ ਕਣਕ ਦੀ ਫਸਲ ਦੀ ਖਰੀਦ ਲਈ ਜ਼ਿਲ੍ਹੇ ਵਿੱਚ ਸਮੁੱਚੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਜਿਣਸ ਦੀ ਵਿਕਰੀ 'ਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਪਹਿਲੀ ਢੇਰੀ ਖਰੀਦ ਏਜੰਸੀ ਵੱਲੋਂ ਕਿਸਾਨਾਂ ਸੰਤੋਖ ਸਿੰਘ ਤੇ ਪਰਮਜੀਤ ਸਿੰਘ ਪਿੰਡ ਤਲਵੰਡੀ ਭੀਲਾਂ ਦੀ ਖਰੀਦੀ ਗਈ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵਾਰ ਜ਼ਿਲ੍ਹੇ ਵਿੱਚ 5.18 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਦਾ ਟੀਚਾ ਨਿਰਧਾਰਿਤ ਕੀਤਾ ਹੈ, ਜਿਸ ਦੇ ਲਈ ਜ਼ਿਲ੍ਹੇ ਵਿੱਚ 106 ਖਰੀਦ ਕੇਂਦਰ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚ 80 ਰੈਗੂਲਰ ਮੰਡੀਆਂ ਅਤੇ 26 ਆਰਜੀ ਖਰੀਦ ਕੇਂਦਰ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵੱਖ-ਵੱਖ ਖਰੀਦ ਏਜੰਸੀਆਂ ਨੂੰ ਅਲਾਟ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਾਰੀਆਂ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪੀਣ ਵਾਲੇ ਪਾਣੀ, ਛਾਂ, ਰੌਸ਼ਨੀ, ਸਾਫ-ਸਫਾਈ, ਪਖਾਨੇ ਆਦਿ ਲੋੜੀਂਦੇ ਇੰਤਜ਼ਾਮ ਕੀਤੇ ਗਏ ਹਨ। ਇਸ ਤੋਂ ਇਲਾਵਾ ਲੇਬਰ, ਲੋੜੀਂਦਾ ਬਾਰਦਾਨਾ, ਢੋਆ-ਢੁਆਈ ਆਦਿ ਦੇ ਬੰਦੋਬਸਤ ਵੀ ਯਕੀਨੀ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2275 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਗਿਆ ਹੈ ਅਤੇ ਖਰੀਦ ਉਪਰੰਤ ਫਸਲ ਦੀ ਨਾਲੋ-ਨਾਲ ਚੁਕਾਈ ਅਤੇ ਮਿੱਥੇ ਸਮੇਂ ਅੰਦਰ ਅਦਾਇਗੀ ਨੂੰ ਯਕੀਨੀ ਬਣਾਇਆ ਜਾਵੇਗਾ, ਜਿਸ ਦੇ ਲਈ ਸਬੰਧਤ ਅਧਿਕਾਰੀਆਂ ਨੂੰ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਣਕ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਮੁੱਚੀ ਖਰੀਦ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਚਲਾਉਂਦਿਆਂ ਕਿਸਾਨਾਂ ਦੇ ਦਾਣੇ-ਦਾਣੇ ਦੀ ਖਰੀਦ ਯਕੀਨੀ ਬਣਾਈ ਜਾਵੇਗੀ। ਕਿਸਾਨਾਂ ਨੂੰ ਮੰਡੀਆਂ ਵਿੱਚ ਸੁੱਕੀ ਫਸਲ ਹੀ ਲੈ ਕੇ ਆਉਣ ਦੀ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨ ਨਮੀ ਦੀ ਨਿਰਧਾਰਤ ਸੀਮਾ ਅਨੁਸਾਰ ਹੀ ਮੰਡੀਆਂ ਵਿੱਚ ਫਸਲ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਫਸਲ ਦੀ ਵਿਕਰੀ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਦੌਰਾਨ ਉਨ੍ਹਾਂ ਕਿਸਾਨਾਂ ਨਾਲ ਗੱਲਬਾਤ ਵੀ ਕੀਤੀ। ਇਸ ਮੌਕੇ ਜ਼ਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਅਫਸਰ ਨਰਿੰਦਰ ਸਿੰਘ ਆਦਿ ਵੀ ਮੌਜੂਦ ਸਨ।

ਮ੍ਰਿਤਕਾ ਮਿੱਡ-ਡੇ-ਮੀਲ ਵਰਕਰ ਦੇ ਪਰਵਾਰ ਨੂੰ 20 ਲੱਖ ਦਾ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ : ਬਿਮਲਾ ਦੇਵੀ

ਜਲੰਧਰ (ਰਾਜੇਸ਼ ਬਾਪਾ) ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਆਨਲਾਈਨ ਮੀਟਿੰਗ ਸੂਬਾ ਪ੍ਰਧਾਨ ਬਿਮਲਾ ਰਾਣੀ ਫਾਜ਼ਿਲਕਾ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਸਰਕਾਰੀ ਹਾਈ ਸਕੂਲ ਮਾਛੀਵਾੜਾ ਖਾਮ ਵਿੱਚ ਬੱਚਿਆਂ ਲਈ ਦੁਪਿਹਰ ਦਾ ਖਾਣਾ ਤਿਆਰ ਕਰ ਰਹੀ ਮਿੱਡ-ਡੇ-ਮੀਲ ਵਰਕਰ ਮਨਜੀਤ ਕੌਰ ਦੀ ਅੱਗ ਲੱਗਣ ਨਾਲ ਹੋਈ ਮੌਤ 'ਤੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਦੀਆਂ ਆਗੂਆਂ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਮ੍ਰਿਤਕਾ ਮਿੱਡ ਡੇ ਮੀਲ ਵਰਕਰ ਮਨਜੀਤ ਕੌਰ ਦੇ ਪਰਿਵਾਰ ਨੂੰ 20 ਲੱਖ ਰੁਪਏ ਦਾ ਮੁਆਵਜ਼ਾ ਅਤੇ ਪਰਵਾਰ ਦੇ ਇੱਕ ਮੈਂਬਰ ਨੂੰ ਤੁਰੰਤ ਸਰਕਾਰੀ ਨੌਕਰੀ ਦਿੱਤੀ ਜਾਵੇ। ਮੋਹਾਲੀ ਜ਼ਿਲ੍ਹੇ ਅਤੇ ਮਾਛੀਵਾੜੇ ਦੇ ਸਕੂਲਾਂ ਅੰਦਰ ਕੰਮ ਕਰਦੀਆਂ ਮਿੱਡ ਡੇ ਮੀਲ ਵਰਕਰਾਂ ਨਾਲ ਵਾਪਰੀਆ ਦੁਰਘਟਨਾਵਾਂ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ । ਇਸ ਦੇ ਨਾਲ ਹੀ ਮੋਹਾਲੀ ਕੁੱਕ ਬੀਬੀ ਲਈ ਜਥੇਬੰਦੀ ਵੱਲੋਂ ਆਰਥਿਕ ਸਹਾਇਤਾ ਦੇਣ ਲਈ ਕਮਲਜੀਤ ਕੌਰ ਹੁਸ਼ਿਆਰਪੁਰ ਕਮਲੇਸ਼ ਕੌਰ ਰੋਪੜ ਅਤੇ ਹਰਜੀਤ ਕੌਰ ਮੋਹਾਲੀ ਦੀ ਅਗਵਾਈ ਵਿੱਚ ਅਤੇ ਮਾਛੀਵਾੜਾ ਖਾਮ ਦੀ ਕੁੱਕ ਵਰਕਰ ਲਈ ਪ੍ਰਵੀਨ ਬਾਲਾ ਫ਼ਤਹਿਗੜ੍ਹ, ਰਿਪੀ ਰਾਣੀ ਨਵਾਂਸ਼ਹਿਰ ਦੀ ਅਗਵਾਈ ਵਿੱਚ ਜਥੇਬੰਦੀ ਵੱਲੋਂ ਹਰ ਸੰਭਵ ਸਹਾਇਤਾ ਕਰਨ ਦਾ ਫੈਸਲਾ ਕੀਤਾ ਗਿਆ। ਸਰਕਾਰੀ ਪੱਧਰ 'ਤੇ ਮੁਆਵਜ਼ੇ ਸਬੰਧੀ ਅਤੇ ਪਰਵਾਰ ਨੂੰ ਨੌਕਰੀ ਦਿਵਾਉਣ ਲਈ ਬਿਮਲਾ ਰਾਣੀ ਦੀ ਅਗਵਾਈ ਹੇਠ ਸਮੁੱਚੀ ਮਿੱਡ ਡੇ ਮੀਲ ਵਰਕਰਜ ਯੂਨੀਅਨ ਪੰਜਾਬ ਵਲੋਂ ਕੰਮ ਕਰਨ ਦਾ ਫੈਸਲਾ ਕੀਤਾ ਗਿਆ। ਇਹ ਕਾਰਜ ਕਰਨ ਲਈ 15 ਅਪ੍ਰੈਲ ਤੱਕ ਕਰਨ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਮੰਗ ਕੀਤੀ ਕਿ ਅੱਗ ਨਾਲ ਵਾਪਰਨ ਵਾਲੀਆਂ ਦੁਰਘਟਨਾਵਾਂ ਨੂੰ ਰੋਕਣ ਲਈ ਸਕੂਲਾਂ ਵਿੱਚ ਅੱਗ ਬੁਝਾਊ ਯੰਤਰ ਤੁਰੰਤ ਲਗਾਏ ਜਾਣ,ਮਿੱਡ ਡੇ ਮੀਲ ਵਰਕਰਾਂ ਨੂੰ ਘੱਟੋ ਘੱਟ ਉਜਰਤ ਦੇ ਘੇਰੇ ਵਿੱਚ ਲਿਆ ਕੇ 18000/-ਰੁਪਏ ਮਿਹਨਤਾਨਾ ਦਿੱਤਾ ਜਾਵੇ ,ਹਰ ਵਰਕਰ ਦਾ ਮੁਫ਼ਤ ਪੰਜ ਲੱਖ ਰੁਪਏ ਦਾ ਬੀਮਾ ਕੀਤਾ ਜਾਵੇ। ਗਰਮੀਆਂ ਅਤੇ ਸਰਦੀਆਂ ਦੀਆਂ ਵਰਦੀਆਂ ਦਿੱਤੀਆਂ ਜਾਣ।ਚੋਣ ਵਾਅਦੇ ਅਨੁਸਾਰ ਵਰਕਰਾਂ ਦਾ ਮਾਣ ਭੱਤਾ ਤੁਰੰਤ ਦੁਗਣਾ ਕੀਤਾ ਜਾਵੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਵਿੱਤ ਸਕੱਤਰ ਪ੍ਰਵੀਨ ਕੌਰ ਫ਼ਤਿਹਗੜ੍ਹ ਸਾਹਿਬ, ਕਮਲਜੀਤ ਕੌਰ ਹੁਸ਼ਿਆਰਪੁਰ, ਮਮਤਾ ਸੈਦਪੁਰ ਕਪੂਰਥਲਾ, ਕਮਲੇਸ਼ ਕੌਰ ਰੋਪੜ, ਜਸਵਿੰਦਰ ਕੌਰ ਟਾਹਲੀ ਜਲੰਧਰ,ਰਿਪੀ ਰਾਣੀ ਨਵਾਂ ਸ਼ਹਿਰ, ਸੰਤੋਸ਼ ਪਾਸੀ ਪਠਾਨਕੋਟ, ਜਸਵੀਰ ਕੌਰ ਲੁਧਿਆਣਾ, ਇਕਬਾਲ ਕੌਰ ਪਟਿਆਲਾ, ਸੁਨੀਤਾ ਫਾਜ਼ਿਲਕਾ, ਗੁਰਜੀਤ ਕੌਰ, ਮਨਜੀਤ ਕੌਰ, ਕੁਲਵਿੰਦਰ ਕੌਰ ਮੋਹਾਲੀ,ਅਨਮਤ, ਜਸਵੀਰ ਕੌਰ ਤਰਨਤਾਰਨ ਤੋਂ ਇਲਾਵਾ ਮਿੱਡ ਡੇ ਮੀਲ ਵਰਕਰਜ਼ ਯੂਨੀਅਨ ਪੰਜਾਬ ਦੇ ਮੁੱਖ ਸਲਾਹਕਾਰ ਅਤੇ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਸ਼ਾਮਲ ਸਨ।

ਦ ਨੋਬੇਲ ਸਕੂਲ 'ਚ ਮਨਾਇਆ ਵਿਸਾਖੀ ਦਾ ਤਿਉਹਾਰ

ਕਰਤਾਰਪੁਰ (ਹਰਮੇਸ਼ ਦੱਤ) ਦ ਨੋਬੇਲ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਬੜੀ ਹੀ ਧੂਮ ਧਾਮ ਨਾਲ ਮਨਾਇਆ ਗਿਆ। ਸਕੂਲ ਦੇ ਨੰਨੇ ਮੁੰਨੇ ਬੱਚੇ ਰੰਗ-ਬਰੰਗੇ ਪੰਜਾਬੀ ਸੱਭਿਆਚਾਰਕ ਪੋਸ਼ਾਕਾਂ ਵਿੱਚ ਬਹੁਤ ਹੀ ਸੋਹਣੇ ਲੱਗ ਰਹੇ ਸਨ। ਵਿਦਿਆਰਥੀਆਂ ਦੁਆਰਾ ਪੰਜਾਬ ਦੀ ਸੰਸਕ੍ਰਿਤੀ ਨੂੰ ਰੰਗਾ-ਰੰਗ ਪ੍ਰੋਗਰਾਮ ਰਾਹੀਂ ਪੇਸ਼ ਕੀਤਾ ਗਿਆ। ਜਿਸ ਵਿੱਚ ਬਹੁਤ ਸਾਰੀਆਂ ਗਤੀਵਿਧੀਆਂ ਕਰਵਾਈਆਂ ਗਈਆਂ। ਇਹਨਾਂ ਗਤੀਵਿਧੀਆਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਵਿੱਚ ਬੱਚਿਆਂ ਨੇ ਗਿੱਧਾ, ਭੰਗੜਾ, ਸੋਲੋ ਡਾਂਸ, ਕਵਿਤਾ ਉਚਾਰਨ, ਗਰੁੱਪ ਡਾਂਸ ਅਤੇ ਭਾਸ਼ਣ ਦੇ ਮਾਧਿਅਮ ਨਾਲ ਸਭ ਦਾ ਮਨ ਮੋਹ ਲਿਆ। ਬੱਚਿਆਂ ਨੇ ਭਾਸ਼ਣ ਦੇ ਮਾਧਿਅਮ ਰਾਹੀਂ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਰੂਬਰੂ ਕਰਵਾਇਆ। ਇਸ ਪ੍ਰੋਗਰਾਮ ਦੇ ਦੌਰਾਨ ਸਕੂਲ ਦੇ ਚੇਅਰਮੈਨ ਪ੍ਰੋਫੈਸਰ ਸੀ. ਐਲ. ਕੌਛੜ ਜੀ ,ਸਕੂਲ ਦੇ ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਕੁਮਾਰ ਸ਼ਿਵ ਕੌਛੜ , ਸਕੂਲ ਦੇ ਪ੍ਰਿੰਸੀਪਲ ਸੰਗੀਤ ਕੁਮਾਰ ਸਕੂਲ ਦੀ ਵਾਈਸ ਪ੍ਰਿੰਸੀਪਲ ਰਵਿੰਦਰ ਕੌਰ ਅਤੇ ਹੋਰ ਅਧਿਆਪਕ ਮੌਜੂਦ ਰਹੇ। ਸਕੂਲ ਦੇ ਚੇਅਰਮੈਨ ਸਰ ਨੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਬਾਰੇ ਦੱਸਿਅ।ਾ ਵਿਸਾਖੀ ਪੰਜਾਬ ਦਾ ਮੁੱਖ ਤਿਉਹਾਰ ਹੈ ਜੋ ਕਿ ਹਰ ਸਾਲ ਵਿਸਾਖ ਦੀ ਸੰਗਰਾਂਦ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਕਣਕ ਪੱਕਣ 'ਤੇ ਉਸਦੀ ਦੀ ਕਟਾਈ ਸ਼ੁਰੂ ਕੀਤੀ ਜਾਂਦੀ ਹੈ। ਸਕੂਲ ਦੇ ਐਮ.ਡੀ ਸਰ ਅਤੇ ਪ੍ਰਿੰਸੀਪਲ ਨੇ ਵੀ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਅਤੇ ਸਭ ਨੂੰ ਆਪਸ ਵਿੱਚ ਮਿਲ ਜੁਲ ਕੇ ਤੇ ਸ਼ਾਂਤੀਪੂਰਵਕ ਰਹਿਣ ਦਾ ਸੰਦੇਸ਼ ਦਿੱਤਾ।

ਪੀ ਐੱਸ ਯੂ ਵੱਲੋਂ ਸੂਬੇ ਭਰ 'ਚ ਪ੍ਰਦਰਸ਼ਨ

ਚੰਡੀਗੜ੍ਹ (ਨ ਜ਼ ਸ) ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਰਿਊਦਮਨ ਕਾਲਜ ਨਾਭਾ ਵਿਖੇ ਵਿਦਿਆਰਥਣ ਨਾਲ ਵਾਪਰੀ ਗੈਂਗਰੇਪ ਦੀ ਘਟਨਾ ਖ਼ਿਲਾਫ਼ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਦੀ ਮੰਗ ਨੂੰ ਲੈ ਕੇ ਸੂਬੇ ਭਰ 'ਚ ਵੱਖ ਵੱਖ ਜ਼ਿਲ੍ਹਿਆਂ ਮੁਕਤਸਰ ,ਬਠਿੰਡਾ ਫ਼ਰੀਦਕੋਟ,ਰੋਪੜ ,ਪਟਿਆਲਾ ਨਾਭਾ ,ਸਮਾਣਾ, ਗੁਰਦਾਸਪੁਰ, ਮਲੇਰਕੋਟਲਾ, ਸੰਗਰੂਰ, ਫਾਜ਼ਿਲਕਾ ਵਿਖੇ ਪ੍ਰਦਰਸ਼ਨ ਕੀਤੇ ਗਏ। ਇਸ ਮੌਕੇ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਵਿਦਿਅਕ ਸੰਸਥਾ ਚ ਅਜਿਹੀ ਘਟਨਾ ਦਾ ਵਾਪਰਨਾ ਬਹੁਤ ਮੰਦਭਾਗੀ ਘਟਨਾ ਹੈ। ਅਜਿਹੀਆਂ ਘਟਨਾਵਾਂ ਲਈ ਉੱਚ ਸਿਖਿਆ 'ਚ ਲਗਾਤਾਰ ਗੁਣਵੱਤਾ ਦਾ ਘਟਨਾ ਤੇ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ 'ਚ ਲਗਾਤ

13-APRIL-PAGE-5.qxd 4/12/2024 10:45 PM Page 1

ਰਿਪੁਦਮਨ ਕਾਲਜ 'ਚ ਸਮੂਹਕ ਬਲਾਤਕਾਰ ਦੀ ਘਟਨਾ ਖਿਲਾਫ ਵਿਆਪਕ ਰੋਸ

ਵੱਖ-ਵੱਖ ਕਾਲਜਾਂ 'ਚ ਪੀ ਐੱਸ ਯੂ ਵੱਲੋਂ ਰੋਸ ਪ੍ਰਦਰਸ਼ਨ

ਧੂਰੀ

ਸਮਾਣਾ

ਧੂਰੀ (ਸੁਖਦੇਵ ਧੂਰੀ)

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਸੁਖਦੀਪ ਹਥਨ, ਜ਼ਿਲ੍ਹਾ ਪ੍ਰਧਾਨ ਕਮਲਦੀਪ ਕੌਰ ਤੇ ਜ਼ਿਲ੍ਹਾ ਸਕੱਤਰ ਰਾਮਵੀਰ ਸਿੰਘ ਮੰਗਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਨਾਲ ਸਮੂਹਕ ਬਲਾਤਕਾਰ ਦੀ ਘਟਨਾ ਵਾਪਰੀ, ਜਿਹੜੀ ਕਿ ਕਾਲਜ ਪ੍ਰਸ਼ਾਸਨ ਦੇ ਸੁਰੱਖਿਆ ਪ੍ਰਬੰਧਾਂ ਉੱਪਰ ਸਵਾਲ ਖੜਾ ਕਰਦੀ ਹੈ ਅਤੇ ਇਸ ਦੇ ਨਾਲ ਹੀ ਸਾਡੇ ਵਿੱਦਿਅਕ ਪ੍ਰਬੰਧ ਉੱਪਰ ਵੀ ਸਵਾਲ ਖੜੇ ਹੁੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਅਕਾਦਮਿਕ ਮਾਹੌਲ ਨਹੀਂ ਹੈ, ਜਿਸ ਕਾਰਨ ਸੂਬੇ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਵਿੱਚ ਅਜਿਹੇ ਮਾੜੇ ਰੁਝਾਨ ਪਾਏ ਜਾਂਦੇ ਹਨ, ਜਿਸ ਦੇ ਨਤੀਜੇ ਵਜੋਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਵਾਪਰਦੀਆਂ ਹਨ।ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਔਰਤ ਵਿਰੋਧੀ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ, ਜਿਸ ਦਾ ਕਾਰਨ ਮੁੱਖ ਰੂਪ ਸਮਾਜ ਵਿੱਚ ਪਸਰੀ ਮਰਦ ਪ੍ਰਧਾਨ ਸੋਚ ਤੇ ਲਿੰਗਕ ਉਤੇਜਨਾ ਵਿੱਚ ਵਾਧਾ ਕਰਨ ਵਾਲਾ ਉਪਭੋਗੀ ਸੱਭਿਆਚਾਰ ਜ਼ਿੰਮੇਵਾਰ ਹੈ।ਸਰਕਾਰ ਦੁਆਰਾ ਇਸ ਮਾਹੌਲ ਨੂੰ ਹਾਂ-ਪੱਖੀ ਬਣਾਉਣ ਦੀ ਬਜਾਏ ਕਾਲਜਾਂ ਵਿੱਚ ਗੈਰ-ਅਕਾਦਮਿਕ ਮਾਹੌਲ ਨੂੰ ਹੋਰ ਪੱਕਿਆਂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਾਲਜ ਵਿੱਚ ਦਿਨ ਦਿਹਾੜੇ ਵਾਪਰੀ ਇਸ ਘਟਨਾ ਨੇ ਕਾਲਜ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉੱਪਰ ਵੀ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ। ਆਗੂਆਂ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਇੱਕ ਮਿਸਾਲੀ ਸਜ਼ਾ ਹੋਵੇ, ਜਿਸ ਦੀ ਮਿਸਾਲ ਦਿੱਤੀ ਜਾ ਸਕੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਘਟਨਾਵਾਂ ਦੀ ਰੋਕਥਾਮ ਕੀਤੀ ਜਾ ਸਕੇ।ਵਿੱਦਿਅਕ ਅਦਾਰਿਆਂ ਵਿੱਚ ਅਜਿਹੇ ਅਰਾਜਕਤਾ ਵਾਲੇ ਮਾਹੌਲ ਲਈ ਜ਼ਿੰਮੇਵਾਰ ਸਿੱਖਿਆ ਮੰਤਰੀ ਅਸਤੀਫਾ ਦੇਵੇ।ਇਸ ਘਟਨਾ ਲਈ ਕਾਲਜ ਪ੍ਰਸ਼ਾਸਨਕ ਅਧਿਕਾਰੀਆਂ ਵਿੱਚ ਜ਼ਿੰਮੇਵਾਰ ਅਧਿਕਾਰੀਆਂ ਉੱਤੇ ਕਾਰਵਾਈ ਕੀਤੀ ਜਾਵੇ।ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ 'ਜਿਨਸੀ ਛੇੜਛਾੜ ਰੋਕੂ ਐਕਟ 2013' ਦੇ ਤਹਿਤ 'ਇੰਟਰਨਲ ਕੰਪਲੇਂਟ ਕਮੇਟੀਆਂ' ਨੂੰ ਬਣਾ ਕੇ ਸਹੀ ਢੰਗ ਨਾਲ ਚਲਾਇਆ ਜਾਵੇ। ਇਸ ਰੋਸ ਪ੍ਰਦਰਸ਼ਨ ਵਿੱਚ ਯੂਨੀਵਰਸਿਟੀ ਕਾਂਸਟੀਚਿਊਟ ਕਾਲਜ ਬੇਨੜਾ-ਧੂਰੀ ਦੇ ਤਰਨਪ੍ਰੀਤ ਸਿੰਘ, ਰਮਨਦੀਪ ਕੌਰ ਰੱਜੀ, ਸ਼ਗਨਦੀਪ ਕੌਰ, ਮਨਪ੍ਰੀਤ ਕੌਰ, ਭਾਵਨਾ ਗੋਇਲ, ਲਵਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਕੋਮਲਪ੍ਰੀਤ ਸਿੰਘ, ਗੁਰਮਨਦੀਪ ਸਿੰਘ, ਬੌਬੀ, ਸ਼ਿਵਮ, ਰੋਬਿਨਦੀਪ ਸਿੰਘ ਆਦਿ ਵਿਦਿਆਰਥੀ ਸ਼ਾਮਲ ਸਨ।

ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪੱਧਰੀ ਸੱਦੇ ਤਹਿਤ ਸਰਕਾਰੀ ਰਿਪੁਦਮਨ ਕਾਲਜ ਨਾਭਾ ਦੀ ਬੀ. ਏ. ਭਾਗ ਪਹਿਲਾ ਵਿੱਚ ਪੜ੍ਹਦੀ ਲੜਕੀ ਨਾਲ ਹੋਏ ਸਮੂਹਕ ਬਲਾਤਕਾਰ ਦੀ ਘਟਨਾ 'ਤੇ ਜ਼ੋਰਦਾਰ ਰੋਸ ਵਿਖਾਉਂਦਿਆਂ ਪਬਲਿਕ ਕਾਲਜ ਸਮਾਣਾ ਵਿੱਚ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਾਲਜ ਪ੍ਰੋਫੈਸਰ ਤੇ ਸਾਹਿਤ ਅਕਾਦਮੀ ਲੁਧਿਆਣਾ ਦੀ ਮੀਤ ਪ੍ਰਧਾਨ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਪੰਜਾਬ ਦੇ ਵਿੱਦਿਅਕ ਅਦਾਰਿਆਂ ਅੰਦਰ ਇਸ ਤਰ੍ਹਾਂ ਦੀ ਘਟਨਾ ਵਾਪਰਨਾ ਕੁੜੀਆਂ ਦੀ ਸੁਰੱਖਿਆ ਉੱਪਰ ਵੱਡੇ ਸਵਾਲ ਖੜੇ ਕਰਦੀ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਦੀ ਬਿਨਾਂ ਸੋਚੇ ਸਮਝੇ ਅੰਨ੍ਹੀਂ ਵਰਤੋਂ ਕਿਸ ਹੱਦ ਤੱਕ ਜਰਖੇਜ਼ ਨੌਜਵਾਨ ਪੀੜ੍ਹੀ ਦੇ ਦਿਮਾਗਾਂ 'ਤੇ ਜ਼ਹਿਰ ਛਿੜਕਾਅ ਰਿਹਾ ਹੈ, ਨਾਭਾ ਦੀ ਘਟਨਾ ਉਸ ਦਾ ਕਿਣਕਾ ਮਾਤਰ ਹੈ।

ਇਸ ਤੋਂ ਬਾਅਦ ਪੀ.ਐੱਸ.ਯੂ. ਦੇ ਜ਼ਿਲ੍ਹਾ ਕਮੇਟੀ ਮੈਂਬਰ ਅਕਸ਼ੇ ਘੱਗਾ ਤੇ ਸੌਟੀ ਟੋਡਰਪੁਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਬਹੁਤ ਸੰਵੇਦਨਸ਼ੀਲ ਤੇ ਮੰਦਭਾਗੀ ਘਟਨਾ ਹੈ। ਪੀੜਤ ਲੜਕੀ ਇੱਕ ਗਰੀਬ ਮਜ਼ਦੂਰ ਦੀ 18 ਸਾਲ ਦੀ ਧੀ, ਜੋ ਕਿਡਨੀ ਦੀ ਸਮੱਸਿਆ ਨਾਲ ਜੂਝ ਰਹੀ ਹੈ, ਤੇ ਜਿਸ ਦਾ ਭਾਰ ਮਹਿਜ 32 ਕਿੱਲੋ ਹੈ, ਨਾਲ ਤਿੰਨ ਬਦਮਾਸ਼ ਨੌਜਵਾਨਾਂ ਵੱਲੋਂ ਦਿਨ ਦਿਹਾੜੇ ਚੱਲਦੇ ਕਾਲਜ ਵਿੱਚ ਪ੍ਰਿੰਸੀਪਲ ਦਫਤਰ ਦੇ ਉੱਪਰ ਕਲਾਸ ਰੂਮ 'ਚ ਬਲਾਤਕਾਰ ਕੀਤਾ ਗਿਆ। ਇਸ ਮੰਦਭਾਗੀ ਘਟਨਾ ਵਾਲੇ ਦਿਨ ਨੂੰ ਕਾਲਾ ਦਿਨ ਮੰਨਿਆ ਜਾਣਾ ਚਾਹੀਦਾ ਹੈ। ਇਸ ਨੇ ਕਾਲਜਾਂ ਵਿੱਚ ਗੈਰ-ਅਕਾਦਮਿਕ ਤੇ ਔਰਤ ਵਿਰੋਧੀ ਮਾਹੌਲ ਤੋਂ ਪਰਦਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਪੀੜਤ ਲੜਕੀ ਨੂੰ ਇਨਸਾਫ ਦੇਣ ਲਈ ਫਾਸਟਰੈਕ ਕੋਰਟ ਰਾਹੀਂ ਜਲਦੀ ਇਨਸਾਫ ਮਿਲਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਕਾਲਜਾਂ ਅੰਦਰ ਲੜਕੀਆਂ ਲਈ ਸੁਖਾਵਾਂ ਮਾਹੌਲ ਪ੍ਰਦਾਨ ਕਰਕੇ ਲੜਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਆਗੂ ਗੁਰਦੀਪ ਕਲਵਾਂਨੂੰ, ਰਾਜਵੀਰ ਕਕਰਾਲਾ, ਮਨਪ੍ਰੀਤ ਪੈਂਦ, ਅੰਗਰੇਜ਼ ਕੌਰ, ਹਰਪ੍ਰੀਤ ਸਿੰਘ, ਅਮਨ ਕੌਰ, ਰੇਨੂੰ, ਦਮਨਪ੍ਰੀਤ ਤੋਂ ਇਲਾਵਾ ਹੋਰ ਵਿਦਿਆਰਥੀ ਮੌਜੂਦ ਸਨ।

ਠੇਕਾ ਮੁਲਾਜ਼ਮਾਂ ਵੱਲੋਂ ਸਰਕਾਰ ਤੇ ਥਾਣਾ ਮੁਖੀ ਦੀਆਂ ਧੱਕੇਸ਼ਾਹੀਆਂ ਖਿਲਾਫ ਅਰਥੀ ਫੂਕ ਪ੍ਰਦਰਸ਼ਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਵੱਖ ਵੱਖ ਸਰਕਾਰੀ ਵਿਭਾਗਾਂ 'ਚ ਪਿਛਲੇ ਲੰਮੇ ਅਰਸੇ ਤੋਂ ਠੇਕਾ ਪ੍ਰਣਾਲੀ ਦਾ ਸੰਤਾਪ ਭੋਗ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਸਬੰਧਤ ਵਿਭਾਗਾਂ 'ਚ ਮਰਜ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਵਾਉਣ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਉਲੀਕੇ ਹੋਏ ਪੁਰਅਮਨ ਸੰਘਰਸ਼ ਨੂੰ ਦਬਾਉਣ ਲਈ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜ਼ਿਲ੍ਹਾ ਲੁਧਿਆਣਾ ਦੇ ਪੁਲਸ ਥਾਣਾ ਜਮਾਲਪੁਰ ਦੇ ਐੱਸ.ਐੱਚ.ਓ. ਵੱਲੋਂ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ. 31) ਦੇ ਸੂਬਾ ਜਰਨਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਨੂੰ ਬਿਨਾਂ ਮਤਲਬ ਲਗਾਤਾਰ ਤੰਗ ਪ੍ਰੇਸ਼ਾਨ ਕਰਨ ਦੇ ਰੋਸ ਵਜੋਂ ਅੱਜ ਸ੍ਰੀ ਮੁਕਤਸਰ ਸਾਹਿਬ ਵਿਖੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਵਿਸ਼ਾਲ ਇਕੱਠ ਕਰਨ ਉਪਰੰਤ ਥਾਣਾ ਜਮਾਲਪੁਰ ਦੇ ਮੁਖੀ ਖਿਲਾਫ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕਰਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਆਗੂਆਂ ਬਲਜੀਤ ਸਿੰਘ ਭੱਟੀ, ਬਿਕਰਮ ਜੀਤ ਸਿੰਘ ਕਪੂਰ, ਜਸਬੀਰ ਕੌਰ, ਤਰਲੋਕ ਸਿੰਘ, ਜਸਵਿੰਦਰ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਦੇ ਪੁਲਸ ਥਾਣਾ ਜਮਾਲਪੁਰ ਦੇ ਮੁਖੀ ਵੱਲੋਂ ਪਿਛਲੇ ਦਿਨੀਂ ਮੋਰਚੇ ਦੇ ਸੂਬਾਈ ਆਗੂ ਕੁਲਦੀਪ ਸਿੰਘ ਬੁੱਢੇਵਾਲ ਤੇ ਗੈਰ-ਜ਼ਮਾਨਤੀ ਧਰਾਵਾਂ ਲਗਾ ਕੇ ਚੋਣਾਂ ਦੇ ਸਮੇਂ ਜੇਲ੍ਹ ਵਿੱਚ ਡੱਕਣ ਦੀ ਗੱਲ ਕੀਤੀ ਜਾ ਰਹੀ ਸੀ। ਇਸ ਦੇ ਬਾਅਦ ਮਿਤੀ 10-04-2024 ਨੂੰ ਥਾਣਾ ਜਮਾਲਪੁਰ ਦੇ ਮੌਜੂਦਾ ਐੱਸ.ਐੱਚ.ਓ. ਨਵਦੀਪ ਸਿੰਘ ਵੱਲੋਂ ਕੁਲਦੀਪ ਸਿੰਘ ਬੁੱਢੇਵਾਲ ਦੇ ਘਰ ਜਾ ਕੇ ਉਸ ਦੇ ਪਰਵਾਰ ਦੇ ਮੈਂਬਰ ਨਾਲ ਭੱਦੀ ਸ਼ਬਦਾਵਲੀ ਵਰਤੀ ਗਈ, ਘਰ ਦੀ ਚੈਕਿੰਗ ਕੀਤੀ ਗਈ ਤੇ ਕੁਲਦੀਪ ਸਿੰਘ ਬੁੱਢੇਵਾਲ ਨੂੰ ਥਾਣੇ ਪੇਸ਼ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਤੇ ਪੁਲਸ ਥਾਣਾ ਜਮਾਲਪੁਰ ਦੇ ਮੁਖੀ ਦੀਆਂ ਧੱਕੇਸ਼ਾਹੀਆਂ ਦੇ ਵਿਰੋਧ ਵਿੱਚ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ 11 ਤੇ 12 ਅਪ੍ਰੈਲ 2024 ਨੂੰ ਪੰਜਾਬ ਭਰ 'ਚ ਤਹਿਸੀਲ ਪੱਧਰੀ ਅਰਥੀਆਂ ਫੂਕਣ ਦਾ ਐਲਾਨ ਕੀਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਠੇਕਾ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਹੱਲ ਕਰਨ ਲਈ ਇਕ ਵਾਰ ਵੀ ਮੀਟਿੰਗ ਨਹੀਂ ਕੀਤੀ ਗਈ ਹੈ ਤੇ ਨਾ ਹੀ ਮੰਗਾਂ ਦਾ ਹੱਲ ਕੀਤਾ ਜਾ ਰਿਹਾ ਹੈ, ਉਥੇ ਹੀ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ/ਪੰਚਾਇਤੀਕਰਨ ਦੀਆਂ ਲੋਕ ਵਿਰੋਧੀ ਨੀਤੀਆਂ ਲਗਾਤਾਰ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮੋਰਚੇ ਵੱਲੋਂ ਇਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।

ਮੋਦੀ ਸਰਕਾਰ ਦਾ ਹਰ ਫੈਸਲਾ ਕਾਰਪੋਰੇਟਾਂ ਦੇ ਪੱਖ 'ਚ : ਜਗਦੀਸ਼ ਚਾਹਲ

■ ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਮੋਗਾ (ਏਟਕ) ਦੀ ਮੀਟਿੰਗ

ਮੋਗਾ (ਇਕਬਾਲ ਸਿੰਘ ਖਹਿਰਾ)-ਸ਼ਹੀਦ ਕਾ. ਨਛੱਤਰ ਸਿੰਘ ਧਾਲੀਵਾਲਾ ਭਵਨ ਮੋਗਾ ਵਿੱਚ ਪੰਜਾਬ ਪੈਨਸ਼ਨਰਜ਼ ਯੂਨੀਅਨ ਬ੍ਰਾਂਚ ਮੋਗਾ (ਏਟਕ) ਦੀ ਮਹੀਨਾਵਾਰ ਮੀਟਿੰਗ ਯੂਨੀਅਨ ਦੇ ਪ੍ਰਧਾਨ ਬਚਿੱਤਰ ਸਿੰਘ ਧੋਥੜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਯੂਨੀਅਨ ਦੇ ਜਨਰਲ ਸਕੱਤਰ ਸਤਪਾਲ ਸਹਿਗਲ ਨੇ ਕਿਹਾ ਕਿ ਹਰ ਪੈਨਸ਼ਨਰਜ਼ ਨੂੰ ਆਪੋ ਆਪਣਾ ਪੀ.ਪੀ.ਓ. ਨੰਬਰ ਚੈੱਕ ਕਰਕੇ ਉਸ ਵਿੱਚ ਆਪਣੇ ਫੈਮਿਲੀ ਪੈਨਸ਼ਨਰਜ਼ ਦੇ ਇੰਦਰਾਜ ਚੈੱਕ ਕਰ ਲੈਣੇ ਚਾਹੀਦੇ ਹਨ ਤੇ ਸਮੇਂ ਸਿਰ ਦਰੁਸਤੀ ਵੀ ਕਰਵਾ ਲੈਣੀ ਚਾਹੀਦੀ ਹੈ। ਉਨ੍ਹਾਂ ਪੈਨਸ਼ਨਰਾਂ ਨੂੰ ਦਰਪੇਸ਼ ਹੋਰ ਮੁਸ਼ਕਲਾਂ ਦੇ ਹੱਲ ਲਈ ਵੀ ਮੱਦਦ ਕਰਨ ਦਾ ਵਾਅਦਾ ਕੀਤਾ ਤੇ ਕਿਹਾ ਕਿ ਜਥੇਬੰਦੀ ਦੇ ਆਗੂ ਹਰ ਮੌਕੇ ਮੈਂਬਰਾਂ ਦੀ ਮੱਦਦ ਕਰਨਗੇ। ਇਸ ਉਪਰੰਤ ਯੂਨੀਅਨ ਦੇ ਆਗੂ ਭੂਪਿੰਦਰ ਸਿੰਘ, ਬੂਟਾ ਸਿੰਘ ਭੱਟੀ, ਬਲਬੀਰ ਸਿੰਘ ਰਾਮੂੰਵਾਲਾ, ਉਂਕਾਰ ਸਿੰਘ, ਪੋਹਲਾ ਸਿੰਘ ਬਰਾੜ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸੂਬਾਈ ਆਗੂ ਜਗਦੀਸ਼ ਸਿੰਘ ਚਾਹਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੁਣ ਚੋਣਾਂ ਦਾ ਮੌਕਾ ਹੈ, ਜਿੱਥੇ ਬੀ.ਜੇ.ਪੀ. ਸਰਕਾਰ ਨੇ ਈ. ਡੀ., ਸੀ.ਬੀ.ਆਈ. ਤੇ ਹੋਰ ਕੇਂਦਰੀ ਏਜੰਸੀਆਂ ਨੂੰ ਦੂਜੀਆਂ ਸਾਰੀਆਂ ਪਾਰਟੀਆਂ ਦੇ ਆਗੂਆਂ ਦੇ ਪਿੱਛੇ ਲਾਇਆ ਹੋਇਆ ਹੈ ਅਤੇ ਧੱਕੇਸ਼ਾਹੀ ਨਾਲ ਵਿਰੋਧ ਨੂੰ ਖਤਮ ਕਰਨਾ ਚਾਹੁੰਦੀ ਹੈ, ਉਥੇ ਉਸ ਵਿੱਚ ਵੀ ਅੰਦਰੂਨੀ ਵਿਰੋਧ ਪੈਦਾ ਹੋ ਰਿਹਾ ਹੈ। ਬੀ.ਜੇ.ਪੀ. ਨੇ ਇਲੈਕਟੋਰਲ ਬਾਂਡਾਂ ਰਾਹੀਂ ਬਹੁਤ ਹੀ ਵੱਡਾ ਘੁਟਾਲਾ ਕੀਤਾ, ਇਸ ਦੇਸ਼ ਵਿੱਚ ਨਾ ਤਾਂ ਦਲਿਤ ਸੁਰੱਖਿਅਤ ਹਨ ਤੇ ਨਾ ਹੀ ਗਰੀਬ। ਮੋਦੀ ਸਰਕਾਰ ਹਰ ਫੈਸਲਾ ਕਾਰਪੋਰੇਟਰਾਂ ਦੇ ਪੱਖ ਵਿੱਚ ਹੀ ਲੈ ਰਹੀ ਹੈ। ਧੜਾਧੜ ਸਰਕਾਰੀ ਅਦਾਰੇ ਵੇਚੇ ਜਾ ਰਹੇ ਹਨ ਤੇ ਅਮੀਰਾਂ ਨੂੰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਸਰਕਾਰ ਵੀ ਮੁਲਾਜ਼ਮਾਂ ਦੇ ਪੱਖ ਵਿੱਚ ਨਹੀਂ ਹੈ। ਇਸ ਨੇ ਤਾਂ ਮੁਲਾਜ਼ਮਾਂ ਦੇ ਮਸਲੇ ਹੱਲ ਕਰਨ ਲਈ ਇੱਕ ਮੀਟਿੰਗ ਕਰਨੀ ਵੀ ਜ਼ਰੂਰੀ ਨਹੀਂ ਸਮਝੀ। ਨਜਾਇਜ਼ ਖਣਨ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ। ਇਹ ਸਰਕਾਰ ਵਿਖਾਵਾ ਵੱਧ ਕਰਦੀ ਹੈ, ਪਰ ਕੰਮ ਬਹੁਤ ਹੀ ਘੱਟ। ਇਸ ਮੌਕੇ ਆਗੂ ਟੀਮ ਵਿੱਚ ਵਾਧਾ ਕਰਨ ਲਈ ਭੂਪਿੰਦਰ ਸਿੰਘ ਸੇਖੋਂ ਨੇ ਪੈਨਲ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਪੈਨਲ ਅਨੁਸਾਰ ਭੂਪਿੰਦਰ ਸਿੰਘ ਭਿੰਦਾ, ਮੱਘਰ ਸਿੰਘ, ਉਂਕਾਰ ਸਿੰਘ ਫਰਵਾਹਾ ਨੂੰ ਵਾਈਸ ਪ੍ਰਧਾਨ ਤੇ ਹਰਭਜਨ ਸਿੰਘ, ਮਲਕੀਤ ਸਿੰਘ ਦਾਰਾਪੁਰ, ਪ੍ਰੇਮ ਕੁਮਾਰ, ਤ੍ਰਿਲੋਚਨ ਸਿੰਘ ਮਕਸੂਦੜਾ, ਬਲਦੇਵ ਸਿੰਘ ਦੌਧਰ, ਚਮਕੌਰ ਸਿੰਘ ਕਰਾਟੇ, ਸੁਖਦੇਵ ਸਿੰਘ ਪੁਲਸ ਵਿਭਾਗ, ਜੀਤ ਸਿੰਘ ਭਿੰਡਰ, ਸੱਤਪਾਲ ਸ਼ਰਮਾ, ਅਜੀਤ ਸਿੰਘ ਬਠਿੰਡਾ, ਗੁਰਜੀਤ ਸਿੰਘ ਚੜਿੱਕ, ਜਸਪਾਲ ਸਿੰਘ ਪਾਲੀ, ਗੁਰਚਰਨ ਸਿੰਘ ਬਾਘਾ ਪੁਰਾਣਾ, ਸੁਖਵਿੰਦਰਪਾਲ ਪੱਪੂ ਨੂੰ ਐਗਜ਼ੈਕਟਿਵ ਮੈਂਬਰ ਚੁਣਿਆ ਗਿਆ। ਇਸ ਮੀਟਿੰਗ ਵਿੱਚ ਵੱਡੀ ਗਿਣਤੀ 'ਚ ਪੈਨਸ਼ਨਰਜ਼ ਹਾਜ਼ਰ ਸਨ।

ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸਰਹਿੰਦ-ਪਟਿਆਲਾ ਰੋਡ ਤੇ ਪਿੰਡ ਕਮਾਲੀ ਨਜ਼ਦੀਕ ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ 'ਚ ਇੱਕ 24 ਸਾਲਾ ਨੌਜਵਾਨ ਸਣੇ ਦੋ ਵਿਅਕਤੀਆਂ ਦੀ ਮੌਤ ਹੋ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਸੌਰਵ (24) ਵਾਸੀ ਪਟਿਆਲਾ ਰਾਤ ਪੌਣੇ ਬਾਰਾਂ ਵਜੇ ਦੇ ਕਰੀਬ ਐਕਟਿਵਾ ਸਕੂਟਰ 'ਤੇ ਸਵਾਰ ਹੋ ਕੇ ਬਾਗੜੀਆਂ ਤੋਂ ਪਟਿਆਲਾ ਨੂੰ

13-April-PAGE-11-Majha-24.qxd 4/12/2024 11:14 PM Page 1

ਪੁਲਸ ਦੀ ਢਿੱਲੀ ਕਾਰਗੁਜ਼ਾਰੀ ਖਿਲਾਫ ਥਾਣਾ ਝਬਾਲ ਅੱਗੇ ਰੋਸ ਧਰਨਾ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਬੀਤੇ ਦਿਨੀਂ ਝਬਾਲ ਤਰਨ ਤਾਰਨ ਰੋਡ 'ਤੇ ਸਥਿਤ ਢਿੱਲੋਂ ਪੰਟਰੋਲ ਪੰਪ ਦੇ ਨਜ਼ਦੀਕ ਅਪੰਗ ਬਾਪ ਬੇਟੀ ਨੂੰ ਟੱਕਰ ਮਾਰ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਕਰਕੇ ਫ਼ਰਾਰ ਹੋਏ ਟਰੈਕਟਰ ਚਾਲਕ ਖਿਲਾਫ ਸੱਤ ਦਿਨ ਬੀਤ ਜਾਣ ਦੇ ਬਾਅਦ ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਦੇ ਰੋਸ ਵਜੋਂ ਪੰਜਾਬ ਦਿਵਿਆਜਨ ਐਕਸ਼ਨ ਕਮੇਟੀ ਨੇ ਸੂਬਾ ਪ੍ਰਧਾਨ ਲਖਵੀਰ ਸਿੰਘ ਦੀ ਅਗਵਾਈ ਹੇਠ ਥਾਣਾ ਝਬਾਲ ਅੱਗੇ ਧਰਨਾ ਲਗਾ ਕੇ ਪੁਲਸ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।ਇਸ ਸਬੰਧੀ ਗੁਰਦੇਵ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਲਾਲੂ ਘੁੰਮਣ ਨੇ ਦੱਸਿਆ ਕਿ 7 ਅਪ੍ਰੈਲ ਨੂੰ ਉਸ ਦਾ ਅਪੰਗ ਭਰਾ ਸੁਖਦੇਵ ਸਿੰਘ ਆਪਣੀ ਸੱਤ ਸਾਲ ਦੀ ਬੇਟੀ ਨੂੰ ਮੋਟਰਸਾਈਕਲ ਤੇ ਲੈ ਕੇ ਝਬਾਲ ਨੂੰ ਆ ਰਿਹਾ ਸੀ।ਜਦੋਂ ਉਹ ਝਬਾਲ ਦੇ ਨਜ਼ਦੀਕ ਬਣੇ ਢਿੱਲੋਂ ਪੰਟਰੋਲ ਪੰਪ ਤੋਂ ਤੇਲ ਪਵਾਉਣ ਲਈ ਮੁੜਿਆ ਤਾਂ ਸਾਹਮਣੇ ਤੋਂ ਤੇਜ਼ ਰਫ਼ਤਾਰ ਆ ਰਿਹਾ ਸਵਰਾਜ ਟਰੈਕਟਰ ਟਰਾਲੀ ਗਲਤ ਸਾਈਡ ਆ ਕੇ ਉਨ੍ਹਾਂ ਵਿੱਚ ਆ ਵੱਜਾ ਜਿਸ ਨਾਲ ਸੁਖਦੇਵ ਸਿੰਘ ਅਤੇ ਉਸ ਦੀ ਸੱਤ ਸਾਲ ਦੀ ਬੇਟੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ।ਟਰੈਕਟਰ ਚਾਲਕ ਮੌਕੇ 'ਤੇ ਹੀ ਟਰੈਕਟਰ ਭਜਾ ਕੇ ਫ਼ਰਾਰ ਹੋ ਗਿਆ।ਇੱਕਠੇ ਹੋਏ ਲੋਕਾਂ ਨੇ ਜਦੋਂ ਸੜਕ ਸੁਰੱਖਿਆ ਫੋਰਸ ਨੂੰ ਫੋਨ ਕੀਤਾ ਤਾਂ ਉਨ੍ਹਾਂ ਦਾ ਕੋਈ ਵੀ ਅਧਿਕਾਰੀ ਮੌਕੇ 'ਤੇ ਨਾ ਪੁੱਜਾ ।ਰਾਹਗੀਰਾਂ ਨੇ ਬਾਪ ਬੇਟੀ ਨੂੰ ਜ਼ਖ਼ਮੀ ਹਾਲਤ ਵਿੱਚ ਜ਼ੇਰੇ ਇਲਾਜ ਗੁਰੂ ਨਾਨਕ ਦੇਵ ਹਸਪਤਾਲ ਅਮ੍ਰਿਤਸਰ ਵਿਖੇ ਦਾਖਲ ਕਰਵਾ ਦਿੱਤਾ ਜਿੱਥੇ ਬੇਟੀ ਦੀ ਹਾਲਤ ਗੰਭੀਰ ਬਣੀ ਹੋਈ ਹੈ।ਇਨਸਾਫ਼ ਲਈ ਉਨ੍ਹਾਂ ਵੱਲੋਂ ਸਬੰਧਿਤ ਥਾਣਾ ਝਬਾਲ ਵਿਖੇ ਦਿੱਤੀ ਗਈ ਦਰਖਾਸਤ ਦੇ ਬਾਵਜੂਦ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ।ਇਸ ਸਬੰਧੀ ਜਦੋਂ ਥਾਣਾ ਮੁਖੀ ਇੰਸਪੈਕਟਰ ਕਸ਼ਮੀਰ ਸਿੰਘ ਨਾਲ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਸੀਸੀਟੀਵੀ ਕੈਮਰਿਆਂ ਰਾਹੀਂ ਟਰੈਕਟਰ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ । ਧਰਨਾਕਾਰੀਆਂ ਨੇ ਕਿਹਾ ਕਿ ਜਦੋਂ ਤੱਕ ਪੁਲਸ ਵੱਲੋਂ ਟਰੈਕਟਰ ਚਾਲਕ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਧਰਨਾ ਜਾਰੀ ਰਹੇਗਾ।ਧਰਨੇ ਵਿੱਚ ਗੁਰਮੇਲ ਸਿੰਘ, ਲਖਬੀਰ ਸਿੰਘ ਚੱਕ ਸਿਕੰਦਰ, ਗੁਰਿੰਦਰ ਸਿੰਘ ਸੰਗਤਪੁਰਾ, ਪਰਮਜੀਤ ਸਿੰਘ ਪੰਜਵੜ੍ਹ, ਪ੍ਰਗਟ ਸਿੰਘ, ਦਿਆਲ ਸਿੰਘ ਮੋਹਣ, ਗੁਰਨਾਮ ਸਿੰਘ ਖੈਰਦੀ, ਸਤਨਾਮ ਸਿੰਘ ਮੰਨਣ, ਹਰਦੀਪ ਸਿੰਘ ਝਬਾਲ, ਸੋਨੂੰ ਝਬਾਲ, ਗੋਪੀ ਭੁੱਚਰ ਆਦਿ ਹਾਜ਼ਰ ਸਨ ।

ਹਰਜਿੰਦਰ ਸਿੰਘ ਧਾਮੀ ਨੇ ਖ਼ਾਲਸਾ ਸਾਜਨਾ ਦਿਵਸ ਦੀ ਦਿੱਤੀ ਵਧਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਖ਼ਾਲਸਾ ਸਾਜਨਾ ਦਿਵਸ ਦੇ ਇਤਿਹਾਸਕ ਮੌਕੇ 'ਤੇ ਸੰਗਤ ਨੂੰ ਵਧਾਈ ਦਿੰਦਿਆਂ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਕੀਤੀ। ਉਨ੍ਹਾਂ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸੇ ਦੀ ਸਿਰਜਨਾ ਕਰਕੇ ਸਿੱਖ ਕੌਮ ਨੂੰ ਇਕ ਵਿਲੱਖਣ ਪਛਾਣ ਦੇਣ ਦੇ ਨਾਲ-ਨਾਲ ਸਵੈਮਾਣ ਨਾਲ ਜਿਊਣ ਦਾ ਰਾਹ ਦਿਖਾਇਆ। ਐਡਵੋਕੇਟ ਧਾਮੀ ਨੇ ਸਿੱਖ ਕੌਮ ਨੂੰ ਆਪਣੇ ਇਸ ਮੁਬਾਰਕ ਦਿਹਾੜੇ 'ਤੇ ਗੁਰੂ ਸਾਹਿਬ ਵੱਲੋਂ ਦਰਸਾਈ ਜੀਵਨ ਜਾਚ ਨਾਲ ਜੁੜ ਕੇ ਕੌਮੀ ਹਿੱਤਾਂ ਦੀ ਪਹਿਰੇਦਾਰੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੌਜੁਆਨਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣਨ ਲਈ ਵੀ ਪ੍ਰੇਰਿਆ। ਐਡਵੋਕੇਟ ਧਾਮੀ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਆਦੇਸ਼ ਮੁਤਾਬਿਕ ਸਿੱਖ ਕੌਮ ਨੂੰ ਇਸ ਵਾਰ 325ਵੇਂ ਖ਼ਾਲਸਾ ਸਾਜਨਾ ਦਿਵਸ ਮੌਕੇ 13 ਅਪ੍ਰੈਲ ਨੂੰ ਆਪਣੇ ਘਰਾਂ 'ਤੇ ਖਾਲਸਾਈ ਨਿਸ਼ਾਨ ਝੁਲਾਉਣ ਅਤੇ ਮੂਲਮੰਤਰ ਦਾ ਜਾਪ ਕਰਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕਰਨ ਲਈ ਵੀ ਕਿਹਾ। ਉਨ੍ਹਾਂ ਸੰਗਤ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਹੋਣ ਵਾਲੇ ਸਮਾਗਮਾਂ ਵਿਚ ਭਰਵੀਂ ਸ਼ਮੂਲੀਅਤ ਕਰਨ ਦੀ ਵੀ ਅਪੀਲ ਕੀਤੀ।

ਕਾਮਰੇਡ ਤੇਜਾ ਸਿੰਘ ਸੁਤੰਤਰ ਕਿਸਾਨ ਸੰਘਰਸ਼ ਦਾ ਰਾਹ ਦਸੇਰਾ: ਪੂਰਨ ਸਿੰਘ ਮਾੜੀਮੇਘਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਅੱਡਾ ਭਿੱਖੀਵਿੰਡ ਵਿਖੇ ਬਜ਼ੁਰਗ ਕਿਸਾਨ ਆਗੂ ਪੂਰਨ ਸਿੰਘ ਕੰਬੋਕੇ ਦੇ ਗ੍ਰਹਿ ਵਿਖੇ ਕੁੱਲ ਹਿੰਦ ਕਿਸਾਨ ਸਭਾ ਦਾ 89ਵਾਂ ਸਥਾਪਨਾ ਦਿਵਸ ਅਤੇ ਕਿਸਾਨਾਂ ਦੇ ਮਹਾਨ ਆਗੂ ਤੇਜਾ ਸਿੰਘ ਸੁਤੰਤਰ ਦੀ 51ਵੀਂ ਬਰਸੀ ਪੂਰਨ ਸਿੰਘ ਮਾੜੀਮੇਘਾ, ਅਰਸਾਲ ਸਿੰਘ ਪਹੂਵਿੰਡ ਤੇ ਪੂਰਨ ਸਿੰਘ ਕੰਬੋਕੇ ਦੀ ਪ੍ਰਧਾਨਗੀ ਹੇਠ ਮਨਾਈ ਗਈ।ਇਸ ਭਾਵਪੂਰਤ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਬਲਕਾਰ ਸਿੰਘ ਵਲਟੋਹਾ, ਦਵਿੰਦਰ ਸੋਹਲ ਤੇ ਸੂਬਾ ਕਮੇਟੀ ਮੈਂਬਰ ਮਹਾਂਬੀਰ ਸਿੰਘ ਗਿੱਲ ਨੇ ਕਿਹਾ ਕਿ ਅੱਜ ਜਦੋਂ ਮੌਜੂਦਾ ਬੀਜੇਪੀ ਦੀ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦਿਆਂ ਤੋਂ ਮੁਨਕਰ ਹੋ ਗਈਆਂ ਹਨ, ਉਸ ਸਮੇਂ ਕੁੱਲ ਹਿੰਦ ਕਿਸਾਨ ਸਭਾ ਦਾ ਸ਼ਾਨਾਮੱਤਾ ਇਤਿਹਾਸ ਅਤੇ ਉੱਘੇ ਦੇਸ਼ ਭਗਤ ਤੇ ਇਨਕਲਾਬੀ ਕਿਸਾਨ ਆਗੂ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਹੋਇਆ ਸੰਘਰਸ਼ ਸਾਡੇ ਲਈ ਰਾਹ ਦਸੇਰਾ ਹੈ। ਸਾਡੇ ਦੇਸ਼ ਦੀ ਸੱਤਰ ਫ਼ੀਸਦੀ ਜਨਤਾ ਅੱਜ ਵੀ ਖੇਤੀ ਤੇ ਨਿਰਭਰ ਕਰਦੀ ਹੈ।ਛੋਟੇ ਤੇ ਦਰਮਿਆਨੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ।ਇਸ ਕਰਕੇ ਕਾਰਪੋਰੇਟ ਘਰਾਣਿਆਂ ਦੀ ਹੱਥ ਠੋਕਾ ਸਰਕਾਰ ਨੂੰ ਚਲਦਾ ਕਰਨਾ ਵੀ ਜ਼ਰੂਰੀ ਹੈ ਅਤੇ ਕਿਸਾਨ ਤੇ ਅਨਾਜ ਖਪਤਕਾਰ ਦੇ ਹਿੱਤ ਵਿੱਚ ਹੈ ਕਿ ਐੱਮਐੱਸਪੀ ਸਵਾਮੀਨਾਥਨ ਕਮਿਸ਼ਨ ਅਨੁਸਾਰ ਮਿਲੇ ਤੇ ਖਪਤਕਾਰ ਲਈ ਖਰੀਦ ਮੁੱਲ ਵੀ ਤਹਿ ਕੀਤਾ ਜਾਵੇ।ਬੁਲਾਰਿਆਂ ਇਹ ਵੀ ਕਿਹਾ ਕਿ ਅਪ੍ਰੈਲ 1936 'ਚ ਕੁੱਲ ਹਿੰਦ ਕਿਸਾਨ ਸਭਾ ਦੀ ਸਥਾਪਨਾ ਨਾਲ ਹੀ ਦੇਸ਼ ਦੀ ਆਜ਼ਾਦੀ ਲਈ ਵੱਡੇ ਸੰਘਰਸ਼ ਹੋਏ।ਰਾਜਿਆਂ ਤੇ ਜਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਕਿਸਾਨਾਂ ਵਿੱਚ ਵੰਡੀਆਂ ਗਈਆਂ। ਦੇਸ਼ ਦੇ ਵੱਖ-ਵੱਖ ਇਲਾਕਾਈ ਕਿਸਾਨ ਜਥੇਬੰਦੀਆਂ ਨੂੰ ਇਕੱਠੇ ਕਰਕੇ ਦੇਸ਼ ਪੱਧਰ ਤੇ ਇੱਕੋ ਇੱਕ ਕਿਸਾਨਾਂ ਦੀ ਜਥੇਬੰਦੀ ਬਣਾਉਣ ਲਈ ਦੇਸ਼ ਦੇ ਹੋਰਨਾਂ ਕਿਸਾਨਾਂ ਆਗੂਆਂ ਦੇ ਨਾਲ ਪੰਜਾਬ ਤੋਂ ਸੋਹਣ ਸਿੰਘ ਜੋਸ਼ ਤੇ ਪੀ ਅਹਿਮਦ ਵਰਗੇ ਦਿਆਨਤਦਾਰ ਕਿਸਾਨ ਆਗੂ ਵੀ ਅਗਵਾਈ ਵਿੱਚ ਸਨ, ਜਿਸਦਾ ਪੰਜਾਬ ਨੂੰ ਮਾਣ ਹੈ।ਕਿਸਾਨਾਂ ਦੇ ਮਹਾਨ ਇਨਕਲਾਬੀ ਯੋਧੇ ਤੇਜਾ ਸਿੰਘ ਸੁਤੰਤਰ ਵਰਗੇ ਯੋਧਿਆਂ ਦੀ ਅਗਵਾਈ ਵਿੱਚ ਮੁਜ਼ਾਰਾ ਲਹਿਰ ਵਰਗੇ ਖਾੜਕੂ ਸੰਘਰਸ਼ ਲੜ ਕੇ ਜਿੱਤ ਪ੍ਰਾਪਤ ਕੀਤੀ ਗਈ ਅਤੇ 16 ਲੱਖ ਏਕੜ ਜ਼ਮੀਨ ਰਜਵਾੜਿਆਂ ਤੋਂ ਖੋਹ ਕੇ 784 ਪਿੰਡਾਂ ਦੇ ਹਲਵਾਹਕ ਕਿਸਾਨਾਂ ਨੂੰ ਵੰਡੀ ਗਈ।ਤੇਜਾ ਸਿੰਘ ਸੁਤੰਤਰ ਨੇ ਜਵਾਨੀ ਵੇਲੇ ਸੁਤੰਤਰ ਜਥਾ ਅਕਾਲੀ ਦੀ ਅਗਵਾਈ ਕਰਕੇ ਗੁਰਦੁਆਰਾ ਤੇਜਾ ਵੀਹਲਾ ਅੰਗਰੇਜ਼ ਪਿੱਠੂ ਮਹੰਤਾਂ ਤੋਂ ਆਜ਼ਾਦ ਕਰਵਾਇਆ, ਜਿਸ ਕਾਰਨ ਇਨ੍ਹਾਂ ਦਾ ਨਾਮ ਸਮੁੰਦ ਸਿੰਘ ਤੋਂ ਤੇਜਾ ਸਿੰਘ ਸੁਤੰਤਰ ਲੋਕਾਂ ਨੇ ਰੱਖ ਦਿੱਤਾ।ਅੱਜ ਫਿਰ ਅਜਿਹੇ ਮਹਾਨ ਇਨਕਲਾਬੀ ਯੋਧਿਆਂ ਨੂੰ ਯਾਦ ਕਰਦਿਆਂ ਕਾਰਪੋਰੇਟ ਘਰਾਣਿਆਂ ਨੂੰ ਖੇਤੀ ਸੈਕਟਰ ਤੋਂ ਪਰ੍ਹੇ ਕਰਨ ਲਈ ਅਤੇ ਸਾਂਝੀ ਤੇ ਸਹਿਕਾਰੀ ਖੇਤੀ ਵੱਲ ਸੰਘਰਸ਼ ਸ਼ੀਲ ਹੋਣ ਦੀ ਲੋੜ ਹੈ।ਇਸ ਮੌਕੇ ਮੰਗ ਕੀਤੀ ਗਈ ਕਿ ਹਰ ਕਿਸਾਨ ਮਜ਼ਦੂਰ ਦਾ ਕਰਜ਼ਾ ਮੁਆਫ਼ ਕੀਤਾ ਜਾਵੇ।ਹਰ ਕਿਸਾਨ ਮਜ਼ਦੂਰ ਨੂੰ 10000 ਰੁਪਏ ਮਹੀਨਾ ਬੁਢਾਪਾ ਪੈਨਸ਼ਨ ਦਿੱਤੀ ਜਾਵੇ।ਹਰ ਬੱਚੇ ਲਈ ਮੁਫ਼ਤ ਤੇ ਲਾਜ਼ਮੀ ਵਿੱਦਿਆ ਦਿੱਤੀ ਜਾਵੇ ਅਤੇ ਰੁਜ਼ਗਾਰ ਦੀ ਗਰੰਟੀ ਦਾ ਕਾਨੂੰਨ ਬਣਾਇਆ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਸਭਾ ਦੇ ਆਗੂ ਰਛਪਾਲ ਸਿੰਘ ਬਾਠ, ਨਰਿੰਦਰ ਸਿੰਘ ਅਲਗੋਂ, ਸੁਖਦੇਵ ਸਿੰਘ ਕਾਲਾ, ਰਛਪਾਲ ਸਿੰਘ ਨਾਰਲੀ, ਜਸਪਾਲ ਸਿੰਘ ਭਿੱਖੀਵਿੰਡ, ਸਲਵਿੰਦਰ ਸਿੰਘ ਪੱਧਰੀ, ਸੁਰਿੰਦਰ ਸਿੰਘ ਬਿੱਲਾ, ਰਾਜ ਗੋਬਿੰਦ ਸਿੰਘ, ਮਸਤਾਨ ਸਿੰਘ ਰਾਜੋਕੇ, ਦਿਲਬਾਗ ਸਿੰਘ ਪੱਟੀ, ਗੁਰਬਿੰਦਰ ਸਿੰਘ ਸੋਹਲ, ਕਵਲਜੀਤ ਢਿੱਲੋਂ ਨੇ ਵੀ ਆਪਣੇ ਵਿਚਾਰ ਰੱਖੇ ।

ਦਸਤਾਰ ਦਾ ਸਮਾਜ, ਸੱਭਿਆਚਾਰ ਤੇ ਸਾਹਿਤਕ ਖੇਤਰ 'ਚ ਵਿਸ਼ੇਸ਼ ਸਥਾਨ : ਡਾ. ਗੋਰੋਆਣੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਦਸਤਾਰ ਦਾ ਸੱਭਿਅਕ ਸਮਾਜ, ਧਾਰਮਿਕ ਜਗਤ, ਰਾਜਨੀਤਿਕ ਤੇ ਸਾਹਿਤਕ ਖੇਤਰ 'ਚ ਵਿਸ਼ੇਸ਼ ਸਥਾਨ ਹੈ। ਕਿਸੇ ਸਮੇਂ ਰਾਜ ਗੱਦੀ 'ਤੇ ਬਹਿਣ ਵਾਲੇ ਨੂੰ ਹੀ ਦਸਤਾਰ ਸਜਾਉਣ ਦਾ ਅਧਿਕਾਰ ਸੀ। ਸਿੱਖ ਗੁਰੂ ਸਾਹਿਬਾਨ ਨੇ ਇਹ ਦਸਤਾਰ ਸਜਾਉਣ ਦਾ ਅਧਿਕਾਰ ਬਖ਼ਸ਼ਿਆ ਹੈ ਅਤੇ ਵਿਸ਼ਵ ਪੱਧਰ 'ਤੇ ਸਿੱਖ ਦੀ ਦਸਤਾਰ ਉਸ ਦੀ ਨਿਆਰੀ ਪਹਿਚਾਣ ਅਤੇ ਸਰਦਾਰੀ ਦਾ ਮਾਣ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸ਼ਵ ਦਸਤਾਰ ਦਿਵਸ ਮਨਾਉਣ ਮੌਕੇ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਰੋਆਣੀ ਨੇ ਕੀਤਾ। ਉਨ੍ਹਾਂ ਉਕਤ ਦਿਨ ਦੀ ਮਹਾਨਤਾ ਬਾਰੇ ਦੱਸਦਿਆਂ ਕਿਹਾ ਕਿ ਪਹਿਲੀ ਵਿਸਾਖ ਨੂੰ ਦੇਸ਼-ਵਿਦੇਸ਼ 'ਚ ਵਿਸ਼ਵ ਦਸਤਾਰ ਦਿਵਸ ਬਹੁਤ ਹੀ ਉਮਾਹ ਤੇ ਚਾਅ ਨਾਲ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਕੂਲ ਵਿਖੇ ਉਕਤ ਦਿਵਸ ਨੂੰ ਸਮਰਪਿਤ ਵਿਦਿਆਰਥੀਆਂ ਦੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ, ਜਿਸ 'ਚ ਚਾਰ ਸੌ ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ 6ਵੀਂ ਤੋਂ 8ਵੀਂ (ਪਹਿਲਾ ਵਰਗ), 9ਵੀਂ, 10ਵੀਂ (ਦੂਸਰਾ ਵਰਗ) ਅਤੇ 11ਵੀਂ, 12ਵੀਂ (ਤੀਜਾ ਵਰਗ) ਕਲਾਸਾਂ ਦੇ ਵਿਦਿਆਰਥੀਆਂ ਦੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸੁੰਦਰ ਦਸਤਾਰ ਸਜਾਉਣ ਵਾਲੇ ਵਿਦਿਆਰਥੀਆਂ ਦੀ ਚੋਣ ਕਰਕੇ ਯਾਦਗਾਰੀ ਚਿੰਨ੍ਹ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਸੁੰਦਰ ਦਸਤਾਰ ਸਜਾਉਣ ਦੀ ਜੱਜਮੈਂਟ ਕਰਨ ਸਬੰਧੀ ਸਕੂਲ ਦੇ ਅਧਿਆਪਕਾਂ ਰਾਜਬਿੰਦਰ ਸਿੰਘ ਸੰਧੂ, ਸ਼ਰਨਜੀਤ ਸਿੰਘ ਭੰਗੂ, ਮੁਹੱਬਤਪਾਲ ਸਿੰਘ, ਭਗਵਾਨ ਸਿੰਘ, ਲਖਵਿੰਦਰ ਸਿੰਘ, ਦਵਿੰਦਰ ਸਿੰਘ ਨੇ ਬਾਖ਼ੂਬੀ ਜ਼ਿੰਮੇਵਾਰੀ ਨਿਭਾਈ। ਇਸ ਮੌਕੇ ਸਕੂਲ ਦਾ ਹੋਰ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

ਚੈਰੀਟੇਬਲ ਟਰੱਸਟ ਨੇ ਲੋੜਵੰਦ ਪਰਿਵਾਰ ਲਈ ਮਕਾਨ ਬਣਾ ਕੇ ਦੇਣ ਦੀ ਨੀਂਹ ਰੱਖੀ

ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਮਾਨਵਤਾ ਦੀ ਸੇਵਾ ਨੂੰ ਸਮਰਪਿਤ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਪਿਛਲੇ ਉੱਨੀ ਸਾਲ ਤੋਂ ਪੱਟੀ ਸ਼ਹਿਰ ਦੀ ਸੰਗਤ ਅਤੇ ਐੱਨਆਰਆਈ ਵੀਰਾਂ ਭੈਣਾਂ ਦੇ ਸਹਿਯੋਗ ਨਾਲ ਨਿਰੰਤਰ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ।ਟਰੱਸਟ ਦੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਰੱਸਟ ਵੱਲੋਂ ਸੰਗਤ ਦੇ ਸਹਿਯੋਗ ਨਾਲ ਬਹੁਤ ਹੀ ਲੋੜਵੰਦ ਪਰਿਵਾਰ ਪਿੰਡ ਨੌਸ਼ਹਿਰਾ ਪਨੂੰਆਂ ਵਿਖੇ ਬਾਪੂ ਗੁਰਦਿਆਲ ਸਿੰਘ ਦੇ ਪਰਿਵਾਰ ਲਈ ਮਕਾਨ ਦੀ ਨੀਂਹ ਰੱਖੀ ਗਈ ਹੈ, ਜਿਸ ਵਿੱਚ ਇੱਕ ਕਮਰਾ, ਰਸੋਈ, ਲੈਟਰੀਨ, ਬਾਥਰੂਮ, ਚਾਰ ਦੀਵਾਰੀ ਅਤੇ ਮੇਨ ਗੇਟ ਬਣਾ ਕੇ ਦਿੱਤਾ ਜਾ ਰਿਹਾ ਹੈ। ਟਰੱਸਟ ਵੱਲੋਂ ਇਸ ਤੋਂ ਪਹਿਲਾਂ ਵੀ ਪਿਛਲੇ ਸੱਤ ਸਾਲਾਂ ਵਿੱਚ ਅਲੱਗ-ਅਲੱਗ ਪਿੰਡਾਂ ਵਿੱਚ 22 ਲੋੜਵੰਦ ਪਰਿਵਾਰਾਂ ਨੂੰ ਮਕਾਨ ਬਣਵਾ ਕੇ ਦਿੱਤੇ ਗਏ ਹਨ।ਅੱਜ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ 23ਵਾਂ ਮਕਾਨ ਇਸ ਪਰਿਵਾਰ ਨੂੰ ਬਣਵਾ ਕੇ ਦੇਣ ਦੀ ਨੀਂਹ ਰੱਖੀ ਗਈ ਹੈ।ਇਸ ਮੌਕੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬਾਪੂ ਗੁਰਦਿਆਲ ਸਿੰਘ ਜੋ ਕਿ ਉਮਰ ਵਡੇਰੀ ਹੋਣ ਕਰਕੇ ਅਤੇ ਬੀਮਾਰੀ ਦੇ ਚੱਲਦਿਆਂ ਕੋਈ ਕੰਮ ਕਾਰ ਨਹੀਂ ਕਰ ਸਕਦੇ, ਇਨ੍ਹਾਂ ਦੀ ਘਰਵਾਲੀ ਦੀ ਮੌਤ ਹੋ ਚੁੱਕੀ ਹੈ ਅਤੇ ਇੱਕ ਬੇਟਾ ਜੋ ਜਨਮ ਤੋਂ ਹੀ ਨੇਤਰਹੀਣ ਹੈ, ਇੱਕ ਛੋਟਾ ਬੇਟਾ ਹੈ ਜੋ ਅਜੇ ਕੋਈ ਕੰਮ ਕਾਰ ਨਹੀਂ ਕਰ ਸਕਦਾ, ਇਹ ਸਾਰੀਆਂ ਸੇਵਾਵਾਂ ਗੁਰੂ ਸਾਹਿਬ ਦੀ ਨਦਰਿ ਅਤ

ਵਿਸਾਖੀ ਦੇ ਸੁਭ ਦਿਹਾੜੇ 'ਤੇ ਨਾਭਾ ਵਿਸ਼ੇਸ਼ ਸਪਲੀਮੈਂਟ

ਵਿਸਾਖੀ ਦੇ ਪਵਿੱਤਰ ਤਿਉਹਾਰ ਦੀਆਂ
ਸਮੂਹ ਹਲਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਧੰਨ ਧੰਨ ਸੰਤ ਸੁਆਮੀ ਨਮੋਨਾਥ ਜੀ
ਡੇਰਾ ਨਮੋਸਰ ਸਾਹਿਬ
ਰਾਏਪੁਰ ਚੌਬਦਾਰਾ

ਸ੍ਰੀ ਅਸ਼ਵਨੀ ਕੁਮਾਰ
ਨਗਰ ਕੌਂਸਲ, ਨਾਭਾ

ਸ੍ਰੀ ਸੰਦੀਪ ਬਾਲੀ
ਵਾਇਸ ਚੇਅਰਮੈਨ ਪੰਜਾਬ
ਧੂਨਾ ਸਾਹਿਬ ਟਰੱਸਟ ਪਾਵਨ ਵਾਲਮਿਕੀ ਤੀਰਥ
ਅੰਮ੍ਰਿਤਸਰ

ਵਿਸਾਖੀ ਦੇ ਪਵਿੱਤਰ ਤਿਉਹਾਰ ਦੀਆਂ
ਸਮੂਹ ਦੇਸ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸ. ਗੁਰਵਿੰਦਰ ਸਿੰਘ
ਇੰਸਪੈਕਟਰ ਸੈਨੀਟੇਸ਼ਨ
ਬ੍ਰਾਂਚ ਨਗਰ ਕੌਂਸਲ ਮਲੇਰਕੋਟਲਾ

ਦੇਸ਼ ਵਾਸੀਆਂ ਅਤੇ ਹਲਕਾ ਵਾਸੀਆਂ ਨੂੰ
ਖਾਲਸਾ ਪੰਥ ਦੇ ਸਾਜਨਾ ਦਿਵਸ (ਵਿਸਾਖੀ)
ਦੀਆਂ ਲੱਖ ਲੱਖ ਮੁਬਾਰਕਾਂ
ਵੱਲੋਂ: ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ

ਵਿਸਾਖੀ ਦੇ ਪਵਿੱਤਰ ਤਿਉਹਾਰ ਦੀਆਂ
ਸਮੂਹ ਦੇਸ ਵਾਸੀਆਂ ਨੂੰ ਲੱਖ-ਲੱਖ ਮੁਬਾਰਕਾਂ

ਸ. ਜਗਵਿੰਦਰ ਸਿੰਘ
ਪੂਨੀਆ ਕਮੇਲੀ
ਸੀਨੀਅਰ ਆਗੂ ਆਮ ਆਦਮੀ ਪਾਰਟੀ

ਵਿਸਾਖੀ ਦੇ ਪਵਿੱਤਰ ਤਿਉਹਾਰ ਦੀਆਂ
ਸਮੂਹ ਹਲਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਸ. ਕੁਲਵਿੰਦਰ ਸਿੰਘ
ਚੇਅਰਮੈਨ ਐਸ.ਸੀ. ਡਿਪਾਰਮੈਂਟ
ਕਾਂਗਰਸ ਜਿਲ੍ਹਾ ਪਟਿਆਲਾ

ਵਿਸਾਖੀ ਦੇ ਪਵਿੱਤਰ ਤਿਉਹਾਰ ਦੀਆਂ
ਸਮੂਹ ਹਲਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਸ. ਅਮਰ ਸਿੰਘ ਟੋਡਰਵਾਲ
ਹਲਕਾ ਇੰਚਾਰਜ ਬਹੁਜਨ ਸਮਾਜ ਪਾਰਟੀ,
ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ
(ਰਜਿ.) 239, ਬੋੜਾਂ ਗੇਟ, ਨਾਭਾ

ਸ੍ਰੀ ਸੰਦੀਪ ਸ਼ਰਮਾ
ਆਮ ਆਦਮੀ ਪਾਰਟੀ
ਸ਼ਹਿਰੀ ਬਲਾਕ ਪ੍ਰਧਾਨ, ਨਾਭਾ

ਧੰਨਵਾਦ

ਵਿਸਾਖੀ ਪਵਿੱਤਰ ਤਿਉਹਾਰ ਮੌਕੇ ਨਵਾਂ ਜ਼ਮਾਨਾਂ 'ਚ ਨਾਭਾ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਜਿਨ੍ਹਾਂ ਸੱਜਣਾਂ ਮਿੱਤਰਾਂ ਅਤੇ ਦੋਸਤਾਂ ਨੇ ਸਹਿਯੋਗ ਦਿੱਤਾ ਉਨ੍ਹਾ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹ ਸਾਨੂੰ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਿਣਗੇ।

ਤੇਜਾ ਸਿੰਘ
ਪੱਤਰਕਾਰ, ਨਾਭਾ

ਵਰਿੰਦਰ ਵਰਮਾ
ਪ੍ਰੈਸ ਰਿਪੋਰਟਰ ਨਾਭਾ

varinderverma1999@gmail.com

ਵਿਸਾਖੀ ਦੇ
ਪਵਿੱਤਰ ਤਿਉਹਾਰ
ਦੀਆਂ ਸਮੂਹ
ਹਲਕਾ
ਨਿਵਾਸੀਆਂ ਨੂੰ
ਲੱਖ-ਲੱਖ
ਵਧਾਈਆਂ

ਐਡਵੋਕੇਟ ਜਗਮੀਤ ਸਿੰਘ ਭੱਟੀ
ਡਿਸਟਿਕ ਐਂਡ ਸੈਸ਼ਨ ਕੋਰਟ, ਪਟਿਆਲਾ

ਵਿਸਾਖੀ ਦੇ ਪਵਿੱਤਰ ਤਿਉਹਾਰ ਦੀਆਂ ਸਮੂਹ ਹਲਕਾ
ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਤੇਜਿੰਦਰ ਸਿੰਘ ਸੇਠੀ
ਪ੍ਰਧਾਨ ਸਤਿਗੁਰ ਕਬੀਰ ਸੈਨਾ
ਜ਼ਿਲ੍ਹਾ ਪਟਿਆਲਾ

ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ | ਬਿਕਰਮਜੀਤ ਸਿੰਘ ਮਜੀਠੀਆ ਸਰਪ੍ਰਸਤ ਯੂਥ ਅਕਾਲੀ ਦਲ | ਸਰਬਜੀਤ ਸਿੰਘ ਝਿੰਜਰ ਕੌਮੀ ਪ੍ਰਧਾਨ ਯੂਥ ਅਕਾਲੀ ਦਲ | ਜਗਦੀਪ ਸਿੰਘ ਚੀਮਾ ਸੀਨੀਅਰ ਅਕਾਲੀ ਆਗੂ

ਗੁਰਪ੍ਰੀਤ ਸਿੰਘ ਰਾਜੂ ਖੰਨਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅਤੇ ਹਲਕਾ ਇੰਚਾਰਜ ਅਮਲੋਹ

ਕਮਲਜੀਤ ਸਿੰਘ ਗਿੱਲ ਮੈਂਬਰ ਕੋਰ ਕਮੇਟੀ ਯੂਥ ਅਕਾਲੀ ਦਲ।

ਵੱਲੋਂ -
ਕਮਲਜੀਤ ਸਿੰਘ ਗਿੱਲ ਮੈਂਬਰ ਕੋਰ ਕਮੇਟੀ ਯੂਥ ਅਕਾਲੀ ਦਲ, ਹਲਕਾ ਅਮਲੋਹ

ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ

ਅਮਰਿੰਦਰ ਸਿੰਘ ਰਾਜਾ ਵੜਿੰਗ ਪੰਜਾਬ ਪ੍ਰਧਾਨ ਕਾਂਗਰਸ ਕਮੇਟੀ | ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ | ਕਾਕਾ ਰਣਦੀਪ ਸਿੰਘ ਨਾਭਾ ਸਾਬਕਾ ਕੈਬੀਨਟ ਮੰਤਰੀ ਪੰਜਾਬ | ਜਗਬੀਰ ਸਿੰਘ ਬਡਾਲੀ ਸਾਬਕਾ ਸਰਪੰਚ, ਸੀਨੀਅਰ ਕਾਂਗਰਸੀ ਆਗੂ

ਵੱਲੋਂ -
ਜਗਬੀਰ ਸਿੰਘ ਬਡਾਲੀ ਸਾਬਕਾ ਸਰਪੰਚ, ਸੀਨੀਅਰ ਕਾਂਗਰਸੀ ਆਗੂ, ਹਲਕਾ ਅਮਲੋਹ

ਮਾਮਨ ਖਾਨ ਦੀ ਮੌਤ ਨਾਲ ਸੰਗੀਤ ਦੀ ਦੁਨੀਆ 'ਚ ਸੋਗ ਦੀ ਲਹਿਰ :ਮਨਜੀਤ ਕੌਰ

ਮੋਹਾਲੀ (**ਗੁਰਜੀਤ ਬਿੱਲਾ**) ਮੋਹਾਲੀ ਦੀ ਉਘੀ ਸਮਾਜ ਸੇਵਿਕਾ ਅਤੇ ਇਸਤਰੀ ਆਗੂ ਸ੍ਰੀਮਤੀ ਮਨਜੀਤ ਕੌਰ ਨੇ ਉਘੇ ਸਾਰੰਗੀ ਵਾਦਕ ਮਾਮਨ ਖਾਨ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਇਸ ਨੂੰ ਸੰਗੀਤ ਦੀ ਦੁਨੀਆ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਦੱਸਦਿਆਂ ਹੋਇਆ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਸੰਗੀਤ ਦੀ ਦੁਨੀਆ ਵਿੱਚ ਸੋਗ ਦੀ ਲਹਿਰ ਫੈਲ ਗਈ ।

ਮਾਮਨ ਖਾਨ ਨੇ 10 ਅਪ੍ਰੈਲ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਿਹਾ। ਉਨ੍ਹਾਂ ਨੂੰ ਜੱਦੀ ਪਿੰਡ ਖਰਕ ਪੁਨਿਆਂ ਜ਼ਿਲ੍ਹਾ ਹਿਸਾਰ ਹਰਿਆਣਾ ਵਿੱਚ ਸਰਕਾਰੀ ਸਨਮਾਨਾਂ ਨਾਲ ਸਪੁਰਦ ਏ ਖਾਕ ਕੀਤਾ ਗਿਆ। ਉਨ੍ਹਾਂ ਨੇ ਅਪਣੀ ਕਲਾ ਦਾ ਪ੍ਰਦਰਸ਼ਨ ਦੁਨੀਆ ਦੇ 10 ਦੇਸ਼ਾਂ ਵਿੱਚ ਕੀਤਾ ਤੇ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰਰਾਸਟਰੀ ਪੁਰਸਕਾਰ ਪ੍ਰਾਪਤ ਕੀਤੇ, ਜਿਨ੍ਹਾਂ ਵਿੱਚ ਸੰਗੀਤ ਨਾਟਕ ਅਕਾਡਮੀ ਰਾਸ਼ਟਰਪਤੀ ਸਨਮਾਨ, ਸਰਸਵਤੀ ਐਵਾਰਡ 4 ਵਾਰ ਅਕਾਸ਼ਵਾਣੀ ਰੋਹਤਕ ਤੋਂ ਜਿੱਤਿਆ । ਉਨ੍ਹਾਂ ਹਰਿਆਣਾ ਸਦਨ ਸੰਪਰਕ ਅਤੇ ਸੰਸਕ੍ਰਿਤ ਵਿੱਭਾਗ ਵਿੱਚ ਸੇਵਾ ਵੀ ਨਿਭਾਈ। ਉਨ੍ਹਾਂ ਜੀਵਨ ਦੇ ਅੰਤਿਮ ਬੋਲਾਂ ਨਾਲ ਦੁਨੀਆ ਨੂੰ ਸੰਦੇਸ਼ ਦਿੱਤਾ ਕਿ ਇਕ ਚੰਗਾ ਕਲਾਕਾਰ ਹੋਣ ਤੋਂ ਪਹਿਲਾਂ ਇਕ ਚੰਗਾ ਇਨਸਾਨ ਹੋਣਾ ਵੀ ਬਹੁਤ ਜਰੂਰੀ ਹੈ।

ਮਾਲੜੀ ਭਰਾਵਾਂ ਦੀ ਭੈਣ ਰੋਜੀ ਨਮਿੱਤ ਸ਼ਰਧਾਂਜਲੀ ਸਮਾਗਮ

*** ਅਣਿਆਈਆਂ ਮੌਤਾਂ ਨੂੰ ਰੋਕਣ ਲਈ ਜਾਗਰੂਕ ਲਹਿਰ ਪੈਦਾ ਕਰਨ ਦਾ ਦਿੱਤਾ ਸੱਦਾ**

ਜਲੰਧਰ (ਨ ਜ਼ ਸ)--ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ,ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਅਤੇ ਇਨਕਲਾਬੀ ਜਮਹੂਰੀ ਲਹਿਰ ਦੇ ਸਿਦਕਵਾਨ ਕਾਮੇ ਯਸ਼ਪਾਲ ਮਾਲੜੀ ਦੀ ਛੋਟੀ ਭੈਣ ਰੋਜੀ ਦਾ ਧੀਣਾ ਵਿਖੇ ਸ਼ਰਧਾਂਜਲੀ ਸਮਾਗਮ ਦੇਸ਼ ਅੰਦਰ ਹੋ ਰਹੀਆਂ ਅਣਿਆਈਆਂ ਮੌਤਾਂ ਨੂੰ ਰੋਕਣ ਲਈ ਜਾਗਰੂਕ ਲਹਿਰ ਪੈਦਾ ਕਰਨ ਦਾ ਸੱਦਾ ਦੇ ਗਿਆ। ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਸੂਬਾ ਪ੍ਰਧਾਨ ਅਮੋਲਕ ਸਿੰਘ ਨੇ ਭੈਣ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਕਿਹਾ ਕਿ ਲੰਬੇ ਸਮੇਂ ਤੋ ਰਾਜ ਕਰਦੀਆਂ ਆ ਰਹੀਆਂ ਪਾਰਟੀਆਂ ਨੇ ਪੈਸੇ ਦੀ ਹਵਸ ਲਈ ਮਨੁੱਖਤਾਂ ਖ਼ਿਲਾਫ਼ ਇਕ ਜੰਗ ਛੇੜੀ ਹੋਈ ਹੈ। ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਉਨ੍ਹਾਂ ਧਰਤੀ,ਪਾਣੀ,ਹਵਾ ਸਮੇਤ ਸਮੁੱਚੇ ਚੌਗਿਰਦੇ ਨੂੰ ਪਲੀਤ ਕਰ ਦਿੱਤਾ ਹੈ,ਜੋ ਅਣਿਆਈਆਂ ਮੌਤਾਂ ਦਾ ਕਾਰਣ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਪੰਜਾਬ ਅੰਦਰ ਤੜਕੇ ਪਿਆਰ ਤੇ ਮੁਹੱਬਤ ਦੇ ਗੀਤ ਗਾਏ ਜਾਂਦੇ ਸਨ,ਅੱਜ ਉੱਥੇ ਅਣਿਆਈ ਮੌਤਾਂ ਦੇ ਵੈਣ ਪੈ ਰਹੇ ਹਨ। ਹਾਕਮ ਇਤਿਹਾਸ ਨੂੰ ਪੁੱਠਾ ਦੇ ਕੇ ਦਿੱਲਿਉਂ ਸੀਸ ਲਿਆਉਣ ਵਾਲੇ ਬਹਾਦਰ ਕੌਮ ਦੇ ਵਾਰਿਸਾਂ ਨੂੰ ਮੁੜ੍ਹ ਗੁਲਾਮਦਾਰੀ ਯੁੱਗ ਵਿਚ ਧੱਕਣਾ ਚਾਹੁੰਦੇ ਹਨ। ਬੱਚਿਆਂ ਦਾ ਭਵਿੱਖ ਸੰਵਾਰਨ ਲਈ ਉਨ੍ਹਾਂ ਬੱਚਿਆਂ ਨੂੰ ਇਤਿਹਾਸ ਦੀਆਂ ਕਿਤਾਬਾਂ ਨਾਲ ਜੋੜਨ ਦਾ ਸੱਦਾ ਦਿੱਤਾ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਕਿਹਾ ਕਿ ਸਮਾਜ ਨੂੰ ਮੌਤ ਦੇ ਕਲਾਵੇ ਵਿਚ ਲੈਣ ਵਾਲੀਆਂ ਬਿਮਾਰੀਆਂ ਲਈ ਰਾਜ ਕਰਨ ਵਾਲੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਜਿੰਮੇਵਾਰ ਹਨ। ਮੁਨਾਫੇਖੋਰ ਸਰਮਾਏਦਾਰਾਂ ਵੱਲੋਂ ਵਰਤਾਈਆਂ ਜਾ ਰਹੀਆਂ ਅਣਿਆਈਆਂ ਮੌਤਾਂ ਨੂੰ ਰੋਕਣ ਲਈ ਉਨ੍ਹਾਂ ਵਿਸ਼ਾਲ ਲੋਕ ਪੱਖੀ ਲਹਿਰ ਖੜ੍ਹੀ ਕਰਨ ਦਾ ਸੱਦਾ ਦਿਤਾ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ,ਆਪ ਦੇ ਹਲਕਾ ਜਲੰਧਰ ਛਾਉਣੀ ਦੇ ਇੰਚਾਰਜ ਸੁਰਿੰਦਰ ਸਿੰਘ ਸੋਢੀ,ਐਮ.ਈ.ਐਸ ਵਰਕਰ ਯੂਨੀਅਨ ਦੇ ਵਿੱਤ ਸਕੱਤਰ ਕ੍ਰਿਸ਼ਨ ਕੁਮਾਰ,ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀ ਪਾਲ ਸਿੰਘ ਮਾੜੀਮੇਘਾ,ਵਾਲਮੀਕਿ ਮੰਦਰ ਕਮੇਟੀ ਧੀਣਾ ਦੇ ਚੇਅਰਮੈਨ ਰਾਜੇਸ਼ ਭੱਟੀ,ਪਿਆਰਾ ਸਿੰਘ ਅਤੇ ਜੋਗੀ ਲਾਲ ਨੇ ਵੀ ਭੈਣ ਰੋਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਹਰਮੇਸ਼ ਮਾਲੜੀ ਨੇ ਪਰਵਾਰ ਦੀ ਤਰਫ਼ੋਂ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਜਿਸ ਪ੍ਰਬੰਧ ਨੇ ਸਾਡੀ ਭੈਣ ਨੂੰ ਸਾਥੋਂ ਖੋਹ ਲਿਆ ਹੈ ਉਸ ਖ਼ਿਲਾਫ਼ ਅਸੀਂ ਹੋਰ ਵੀ ਸਿਦਕ ਦਿਲੀ ਨਾਲ ਸੰਘਰਸ਼ ਜਾਰੀ ਰੱਖਾਂਗੇ।ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ,(ਐੱਮ ਹੀ ਐੱਸ ਦੇ ਸਾਥੀਆਂ ਦੇ ਵੱਡੇ ਕਾਫ਼ਲੇ ਸਮੇਤ), ਅਧਿਆਪਕ ਆਗੂ ਗੁਰਮੀਤ ਕੋਟਲੀ, ਤਰਕਸ਼ੀਲ ਸੁਸਾਇਟੀ ਜਲੰਧਰ ਦੇ ਆਗੂ ਪਰਮਜੀਤ ਸਿੰਘ ਕਲਸੀ ਮਾਲੜੀ,ਧੀਣਾ ਪਰਵਾਰ ਅਤੇ ਸਾਕ ਸਬੰਧੀ ਹਾਜ਼ਰ ਸਨ।

ਮੇਹਰ ਚੰਦ ਪੋਲੀਟੈਕਨਿਕ ਕਾਲਜ 'ਚ ਐਲੂਮਨੀ ਮੀਟ

ਜਲੰਧਰ (**ਸ਼ੈਲੀ ਐਲਬਰਟ**):- ਪ੍ਰਿੰਸੀਪਲ ਡਾ: ਜਗਰੂਪ ਸਿੰਘ ਦੀ ਯੋਗ ਅਗਵਾਈ ਹੇਠ ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਸਿਵਲ ਇੰਜੀਨੀਅਰਿੰਗ ਵਿਭਾਗ ਨੇ ਸਿਵਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦੀ ਐਲੂਮਨੀ - ਮੀਟ 2024 ਆਯੋਜਿਤ ਕੀਤੀ । ਸਿਵਲ ਇੰਜੀਨੀਅਰਿੰਗ ਵਿਭਾਗ ਇਸ ਪੌਲੀਟੈਕਨਿਕ ਦਾ ਸਭ ਤੋਂ ਪੁਰਾਣਾ ਵਿਭਾਗ ਹੈ, ਜਿਸਦਾ 70 ਸਾਲਾ ਇਤਿਹਾਸ ਹੈ । ਹਜ਼ਾਰਾਂ ਹੀ ਵਿਦਿਆਰਥੀਆਂ ਨੇ ਇਹ ਡਿਪਲੋਮਾ ਪਾਸ ਕੀਤਾ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਉੱਚੀਆਂ ਪਦਵੀਆਂ ਤੋਂ ਰਿਟਾਇਰ ਹੋਏ ।ਅੱਜ ਵੀ ਬਹੁਤ ਸਾਰੇ ਵਿਦਿਆਰਥੀ ਮਲਟੀ ਨੈਸ਼ਨਲ ਕੰਪਨੀਆਂ, ਸਰਕਾਰੀ ਸੰਸਥਾਵਾਂ ਅਤੇ ਕਾਮਯਾਬ ਉਦਯੋਗਪਤੀਆਂ ਦੇ ਰੂਪ ਵਿੱਚ ਕੰਮ ਕਰ ਰਹੇ ਹਨ । ਇਸ ਵਿਭਾਗ ਦੇ ਅਨੇਕਾਂ ਬੈਚਾਂ ਦੇ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਦੇ ਸਾਲਾਂ ਦੌਰਾਨ ਮਾਣੇ ਹੋਏ ਸੁਨਿਹਰੀ ਪਲਾਂ ਨੂੰ ਯਾਦ ਕਰਣ ਵਾਸਤੇ ਇਸ ਮੈਗਾ ਈਵੈਂਟ ਨੂੰ ਜੋਇਨ ਕੀਤਾ ।

ਵਿਭਾਗ ਮੁਖੀ ਡਾ: ਰਾਜੀਵ ਭਾਟੀਆ ਨੇ ਐਲੂਮਨੀ ਵਿਦਿਆਰਥੀਆਂ ਨੂੰ ਵਿਭਾਗ ਦੇ ਨਜ਼ਰੀਏ/ਮਿਸ਼ਨ ਦੇ ਵਿਸਥਾਰ ਬਾਰੇ ਦੱਸਿਆ ਅਤੇ ਸਾਰੇ ਸਟਾਫ ਅਤੇ ਵਿਦਿਆਰਥੀਆਂ ਦੀ ਅਨੇਕਾਂ ਕੋ-ਕਰਿਕਲਰ ਅਤੇ ਐਕਸਟਰਾ-ਕਰਿਕਲਰ ਵਿੱਚ ਪ੍ਰਾਪਤੀਆਂ ਦਾ ਬਾਰੇ ਖੁਲਾਸਾ ਕੀਤਾ । ਵਿਦਿਆਰਥੀਆਂ ਨੂੰ ਨਵੇਂ ਖਰੀਦੇ ਉਪਕਰਣ ਵਿਖਾਏ ਗਏ ਅਤੇ ਨਵੀਂ ਦਿੱਲੀ ਦੀ ਮੋਡਰੇਬਜ਼ ਸਕੀਮ ਦੇ ਅਧੀਨ ਲੈਬ ਦਾ ਸੈੱਟਅਪ ਵਿਖਾਇਆ ਗਿਆ ।

ਐਲੂਮਨੀ ਦੇ ਵਿਦਿਆਰਥੀਆਂ ਵਲੋਂ ਵਿਭਾਗ ਦੁਆਰਾ ਸਮੇਂ ਦੀ ਮੰਗ ਅਨੁਸਾਰ ਵਿਭਾਗ ਦੀ ਤਰੱਕੀ ਦੇ ਸਬੰਧ ਵਿੱਚ ਕੀਤੇ ਗਏ ਸਕਾਰਾਤਮਕ ਬਦਲਾਵਾਂ ਲਈ ਯਤਨਾਂ ਦੀ ਭਰਪੂਰ ਸਰਾਹਨਾ ਕੀਤੀ ਗਈ । ਐਲੂਮਨੀ ਐਸੋਸੀਏਸ਼ਨ ਦੇ ਮੁਖੀ ਡਾ